ਵਰਿਆਮ

Registered No. PB/JL—253 ਦਸੰਬਰ-੧੯੮੮

ਧਰਮ ਹੇਤ ਸਾਕਾ ਜਿਨਿ ਕੀਆ । ਸੀਸ ਦੀਆ, ਪਰ ਸਿਰਰੁ ਨ ਦੀਆ ।
—ਗੁਰੂ ਗੋਬਿੰਦ ਸਿੰਘ

# ਵੱਡ-ਕਹਾ

—ਪ੍ਰੋ: ਮੋਹਨ ਸਿੰਘ—

ਕਿਉਂ ਦਿੱਲੀ ਬਣੀ ਕਾਬਾ
ਅੱਜ ਸਾਰੇ ਵਤਨ ਦਾ ?
ਸਿਰ ਝੁਕਿਆ ਕਿਉਂ ਏਧਰ
ਮੋਮਨ ਤੇ ਬ੍ਰਹਮਣ ਦਾ ?

ਕਿਉਂ ਲੱਖਾਂ ਹੀ ਦਿਲ ਵਾਲੇ
ਵਲ ਦਿੱਲੀ ਤੁਰੇ ਨੇ ?
ਹਰ ਇਕ ਦਾ ਇਰਾਦਾ ਹੈ
ਅਜ ਹੱਜ ਕਰਨ ਦਾ ।

ਇਸ ਧਰਤੀ ਤੇ ਕਈ ਵਾਰੀ
ਸ਼ੱਕ ਹੂਣ ਛਤਰਧਾਰੀ
ਰਹੇ ਤੁਰਕ ਤੇ ਤਾਤਾਰੀ
ਗਲ ਘੁਟਦੇ ਅਮਨ ਦਾ ।

ਹਵਸਾਂ ਦਿਆਂ ਭੁੱਖਿਆਂ ਨੇ
ਇਕ ਦੂਜੇ ਦੀ ਰੱਤ ਡੋਲ੍ਹੀ
ਪਰ ਆਇਆ ਜਦੋਂ ਦੌਰਾ
ਮੁਗਲਾਂ ਦੇ ਦਮਨ ਦਾ ।

ਕਸ਼ਮੀਰ ਦਿਆਂ ਕੋਹਾਂ
ਤਕ ਪਹੁੰਚ ਗਏ ਛਿੱਟੇ
ਰਤਨਾਰ ਹੋਇਆ ਪਾਣੀ
ਗੰਗਾ ਤੇ ਜਮਨ ਦਾ ।

ਇਕ ਕਿਰਨ ਨੇ ਸੂਰਜ ਨੂੰ
ਵੰਗਾਰ ਤਦੋਂ ਪਾਈ
ਗੁਰ ਸੂਰਮੇ ਨੂੰ ਚੜ੍ਹਿਆ
ਚਾਅ ਯੁੱਧ ਕਰਨ ਦਾ

ਸ਼ਾਹ ਸਮਝਿਆ ਹੈ ਉਸ ਨੇ
ਸਿਰ ਸੱਚ ਦਾ ਕਲਮ ਕੀਤਾ
ਪਰ ਕਿੱਲ ਸਗੋਂ ਘੜਿਆ
ਉਸ ਅਪਣੇ ਕਫ਼ਨ ਦਾ ।

ਸਿਰ ਆਪਣਾ ਦੇ ਦਿੱਤਾ
ਪਰ ਸਿਰੜ ਨਹੀਂ ਦਿੱਤਾ
ਮੁਲ ਤਾਰਿਆ ਸਤਿਗੁਰ ਨੇ
ਸਰਮਦ ਦੇ ਸੁਖਨ ਦਾ

''ਓਮਰੇਸਤ ਕਿ ਆਵਾਜ਼ਾ ਇ
ਮਨਸੂਰ ਕੁਹਨ ਸ਼ੁਦ
ਮਨ ਅਜ਼ ਸਰੇ ਨੇ ਜਲਵਾ
ਦਿਹਮ ਦਾਰੋ ਰਸਨ ਰਾ ।''

(ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ ੧੩ ਦਸੰਬਰ ੧੯੮੮ ਨੂੰ ਸਮਰਪਤ)

Sri Satguru Jagjit Singh Ji eLibrary NamdhariElibrary@gmail.com

WITH

BEST

COMPLIMENTS

FROM

https://archive.org/details/namdhari

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

ਅੰਬਰ ਬਿਸਕੁਟਸ ਪ੍ਰਾ: ਲਿ:

ਹੈਦਰਾਬਾਦ

AMBER BISCUITS Pvt. Ltd.

SANTOSH NAGAR, X'ROAD, HYDERABAD-500035 INDIA



Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਵਰਿਆਮ | ਦਸੰਬਰ—੧੯੮੮ | ਜਿਲਦ ੧੪ | ਅੰਕ :—੨

ਸੰਪਾਦਕ : ਜਗਦੀਸ਼ ਸਿੰਘ

# ਸੰਪਾਦਕ ਵਲੋਂ

ਡਾ: ਅਮਰ ਭਾਰਤੀ ਪੰਜਾਬੀ ਦੇ ਵਿਦਵਾਨ ਲੇਖਕ ਹਨ । ਜਵਾਨੀ ਵੇਲੇ ਸ਼ਾਂਤੀ ਨਿਕੇਤਨ ਵਿਚ ਵੀ ਰਹੇ ਹਨ । ਪੰਜਾਬੀ ਦੇ ਨਾਲ ਬੰਗਾਲੀ ਭਾਸ਼ਾ ਦੇ ਵੀ ਆਪ ਵਿਦਵਾਨ ਹਨ ਅਤੇ ਕਈ ਬੰਗਾਲੀ ਪੁਸਤਕਾਂ ਦਾ ਸਿਧਾ ਅਨੁਵਾਦ ਪੰਜਾਬੀ ਭਾਸ਼ਾ ਦੀ ਝੋਲੀ ਆਪ ਨੇ ਪਾਇਆ ਹੈ । ਆਪ ਦਾ ਲਿਖਿਆ ਗ੍ਰੰਥ 'ਸਤਿਗੁਰ ਤਿਸ ਕਾ ਨਾਉ' ਆਪਣੇ ਵਿਸ਼ੇ ਤੇ ਬਹੁਤ ਅਹਿਮ ਰਚਨਾ ਹੈ । ਕੁਦਰਤੀ ਨਜ਼ਾਰੇ ਮਾਨਣੇ ਅਤੇ ਭਰਮਣ ਕਰਨਾ ਵੀ ਆਪ ਦਾ ਸ਼ੌਕ ਹੈ । ਪਿਛੇ ਜਿਹੇ ਆਪ ਲਦਾਖ ਅਤੇ ਕਸ਼ਮੀਰ ਦੀ ਯਾਤਰਾ ਕਰਕੇ ਆਏ ਹਨ । ਸਾਡੇ ਮੰਗ ਕਰਨ ਤੇ ਅਮਰਨਾਥ ਦੀ ਯਾਤਰਾ ਉਨ੍ਹਾਂ ਵਿਸ਼ੇਸ਼ ਕਰਕੇ ਵਰਿਆਮ ਵਿਚ ਛਪਣ ਲਈ ਭੇਜੀ ਹੈ । ਇਹ ਯਾਤਰਾ ਪੜ੍ਹਕੇ ਅਸੀਂ ਮਹਿਸੂਸ ਕੀਤਾ ਕਿ ਇਹ ਯਾਤਰਾ ਲੇਖ ਸਾਰੇ ਦਾ ਸਾਰਾ ਹੀ ਛਪਣਾ ਚਾਹੀਦਾ ਹੈ ਅਤੇ ਨਾਲ ਹੀ ਤਸਵੀਰਾਂ ਵੀ ਪ੍ਰਕਾਸ਼ਤ ਹੋਣੀਆਂ ਚਾਹੀਦੀਆਂ ਹਨ । ਭਾਰਤੀ ਜੀ ਨੇ ਇਸ ਯਾਤਰਾ ਦੀਆਂ ਰੰਗੀਨ ਤਸਵੀਰਾਂ ਖਿੱਚ ਕੇ ਲਿਆਂਦੀਆਂ ਹਨ । ਰੰਗੀਨ ਤਸਵੀਰਾਂ ਛਾਪਣ ਦੀ ਸਾਡੀ ਰੀਝ ਤਾਂ ਕਿਸੇ ਹੋਰ ਸਮੇਂ ਦੀ ਉਡੀਕ ਵਿਚ ਅਗੇ ਜਾ ਪਈ ਹੈ ਪਰ ਲੇਖ ਪੂਰੇ ਦਾ ਪੂਰਾ ਹੀ ਅਸੀਂ ਇਸ ਅੰਕ ਵਿਚ ਪ੍ਰਕਾਸ਼ਤ ਕਰਨ ਦੀ ਖੁਸ਼ੀ ਲਈ ਹੈ ।

ਲੇਖ ਪੜ੍ਹਦਿਆਂ ਪਾਠਕ ਅਨੁਭਵ ਕਰਨਗੇ ਕਿ ਭਾਰਤੀ ਜੀ ਨੇ ਲੇਖਣੀ ਰਾਹੀਂ ਇਸ ਯਾਤਰਾ ਨੂੰ ਕੇਵਲ ਯਾਤਰਾ ਲੇਖ ਨਹੀਂ ਰਹਿਣ ਦਿਤਾ ਸਗੋਂ ਭਾਰਤੀ ਇਤਿਹਾਸ, ਸਾਹਿਤ ਅਤੇ ਸੰਸਕ੍ਰਿਤੀ ਦੀਆਂ ਸ਼ਬਦੀ ਤਸਵੀਰਾਂ ਰਾਹੀਂ ਬਹੁਤ ਮੋਕਲਾ ਕਰ ਦਿਤਾ ਹੈ ।

ਪ੍ਰਸਥਿਤੀਆਂ ਦੇ ਵਸ ਵਰਿਆਮ ਦੇ ਕਈ ਸਥਾਈ ਸਤੰਭ ਇਸ ਵਾਰ ਨਹੀਂ ਛੱਪ ਸਕੇ । ਵਿਸ਼ੇਸ਼ ਰਿਪੋਰਟਾਂ ਵੀ ਰਹਿ ਗਈਆਂ ਹਨ । ਅਗਲੇ ਅੰਕ ਵਿਚ ਅਸੀਂ ਇਹ ਸਭ ਕੁਝ ਪ੍ਰਕਾਸ਼ਤ ਕਰਾਂਗੇ ।

—ਜਗਦੀਸ਼ ਸਿੰਘ


## ਵਰਿਆਮ ਦੇ ਦਰ

| | | |
|---|---|---|
| ਇਕ ਪ੍ਰਤੀ | | ੩.੦੦ ਰੁਪਏ |
| ਸਾਲਾਨਾ ਚੰਦਾ | | ੩੦.੦੦ ,, |
| ਤਿੰਨ ਸਾਲ ਵਾਸਤੇ | | ੮੦.੦੦ ,, |
| ਚਾਰ ,, ,, | | ੧੦੦.੦੦ ,, |
| ਪੰਜ ,, ,, | | ੧੨੫.੦੦ ,, |
| ਉਮਰ ਭਰ ਵਾਸਤੇ | | ੩੦੦.੦੦ ,, |
| ਥਾਈਲੈਂਡ : | ਹਵਾਈ ਡਾਕ | ੨੦੦-੦੦ ,, |
| | ਸਮੁੰਦਰੀ | ੮੦-੦੦ ,, |
| ਅਰਬ-ਅਫਰੀਕਾ ਤੇ ਯੂਰਪ | ਹਵਾਈ ਡਾਕ | ੨੫੦-੦੦ ,, |
| | ਸਮੁੰਦਰੀ | ੮੦-੦੦ ,, |
| ਅਮਰੀਕਾ : ਕੈਨੇਡਾ : | ਹਵਾਈ ਡਾਕ | ੩੦੦-੦੦ ,, |
| | ਸਮੁੰਦਰੀ ਡਾਕ | ੮੦-੦੦ ,, |

ਦਫਤਰ ਦਾ ਪਤਾ :
ਮਾਸਕ ਵਰਿਆਮ
ਲਾਡੋਵਾਲੀ ਰੋਡ
(ਨੇੜੇ ਮਦਨ ਫਲੌਰ ਮਿਲ)
ਜਲੰਧਰ-੧੪੪੦੦੧
ਫੋਨ : ੭੧੨੦੪ ਪੀ. ਪੀ.
ਫੋਨ : ੭੭੩੫੬ ਪੀ.ਪੀ.

Office Address
Monthly WARIAM
(Punjabi)
Ladowali Road
(Near Madan Flour Mill
Jalandhar-144001
Phone : 77356 PP
71204 PP


With best compliments from :

**MEX SWITCHGEAR PVT. LTD.**

Tanda Road, JALANDHAR.

Phone : 72116



Sri Satguru Jagjit Singh Ji eLibrary NamdhariElibrary@gmail.com

# ਚੁੰਬਕੀ ਸ਼ਕਤੀ

**—ਸੁਰਿੰਦਰ ਸੋਹਲ—**

ਕਰਨੀ ਖੋਜ ਖੁਰਾਕ ਹੈ ਤੇਰੀ,
ਕਰ ਕਰ ਖੋਜਾਂ ਥਕਦਾ ਨਾ।
ਚੀਜ਼ਾਂ ਵਿਚੋਂ ਚੀਜ਼ਾਂ ਖੋਜੇਂ,
ਲਭ ਲਭ ਚੀਜ਼ਾਂ ਅਕਦਾ ਨਾ।
ਚੰਨ ਦੇ ਉੱਤੇ ਕਰਦੈਂ ਸੈਰਾਂ,
ਹਵਾ 'ਚ ਡੰਡੀਆਂ ਪਾਵੇਂ ਤੂੰ,
ਧੰਨ ਹੈ ਤੇਰਾ ਜਿਗਰਾ ਯਾਰਾ,
ਰੱਬ ਨੂੰ ਪਾਉੜੀਆਂ ਲਾਵੇ ਤੂੰ।

ਐ ਵਿਗਿਆਨੀ! ਗੱਲ ਸੁਣ ਮੇਰੀ,
ਨਬਜ਼ ਸਮੇਂ ਦੀ ਦੇਖ ਭਲਾ।
ਕਿਹੜੇ ਪਾਸੇ ਜਾਵੇ ਦੁਨੀਆਂ,
ਧਾਰੇ ਹੋਏ ਕੀ ਭੇਖ ਭਲਾ।

ਕਰਕੇ ਖੋਜ ਤੂੰ ਦੱਸ ਖਾਂ ਸਾਨੂੰ,
ਚੁੰਬਕ ਐਸੀ ਕਿਹੜੀ ਹੈ।
ਕੁਰਸੀ ਦੇ ਹਰ ਅੰਗ ਅੰਗ ਦੇ ਵਿਚ,
ਹੋਈ ਪਈ ਫਿਟ ਜਿਹੜੀ ਹੈ।

ਹਰ ਇਕ ਬੰਦਾ ਕੁਰਸੀ ਵੱਲ ਨੂੰ,
ਖਿਚਿਆ, ਖਿਚਿਆ ਜਾਂਦਾ ਹੈ।
ਛੱਡਣ ਦਾ ਮੁੜ ਨਾਂ ਨਈਂ ਲੈਂਦਾ,
ਜਿਹੜਾ ਵੀ ਹੱਥ ਪਾਂਦਾ ਹੈ।

ਬੰਦੇ ਕੋਲੋਂ ਬੰਦਾ ਨਸਦਾ,
ਕਾਂ ਧੁਨਖੀ ਤੋਂ ਨਸਦਾ ਹੈ।
ਵੀਰਾਂ ਨਾਲੋਂ ਮੋਹ ਤੋੜਕੇ,
ਦਿਲ ਕੁਰਸੀ ਵਿਚ ਰਖਦਾ ਹੈ।

ਉਸ ਚੁੰਬਕ ਨੂੰ ਲਾਹ ਕੁਰਸੀ 'ਚੋਂ,
ਬੰਦਿਆਂ ਵਿਚ ਲਗਾ ਦੇਈਏ।
ਟੁਟਦੇ ਸਾਰੇ ਰਿਸ਼ਤੇ ਨਾਤੇ,
ਚੁੰਬਕ ਨਾਲ ਜੁੜਾ ਦੇਈਏ।
ਕੁਰਸੀ ਨਾਲੋਂ ਟੁਟਕੇ ਬੰਦੇ,
ਬੰਦਿਆਂ ਵਲ ਨੂੰ ਭੱਜ ਆਵਣ।
ਬੰਦਿਆਂ ਨੂੰ ਹੀ ਬੰਦੇ ਚਿਪਕਣ,
'ਸੋਹਲ' ਕੁਰਸੀਆਂ ਛੱਡ ਆਵਣ।

# ਮਹੰਤ ਆਤਮਾ ਸਿੰਘ ਜੀ ਨੂੰ ਸਦਮਾ

ਸਪਤਾਹਕ ਸਤਿਜੁਗ ਦੇ ਸੰਪਾਦਕ ਮਹੰਤ ਆਤਮਾ ਸਿੰਘ ਸਨਖਤਰਵੀ ਜੀ ਦੇ ਵੱਡੇ ਸਪੁਤਰ ਸੰਤ ਜੁਗਿੰਦਰ ਸਿੰਘ ਪਿਛਲੇ ਦਿਨੀਂ ਅਹੀਆ ਪੁਰ (ਟਾਂਡਾ) ਵਿਚ ਹੋਏ ਗੋਲੀ ਕਾਂਡ ਵਿਚ ਅਤਿਅਵਾਦੀਆਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਗਏ। ਇਹ ਗੋਲੀਆਂ ਅੰਨੇਵਾਹ ਪਿੰਡ ਅਹੀਆ ਪੁਰ ਦੇ ਭੀੜੇ ਬਾਜ਼ਾਰ ਵਿਚ ਚਲਾਈਆਂ ਗਈਆਂ ਜਿਸ ਵਿਚ ਹਿੰਦੂ ਮੁਸਲਿਮ ਤੇ ਸਿਖਾਂ ਸਮੇਤ ਕਈ ਬੇਦੋਸ਼ੇ ਮਾਰੇ ਗਏ। ਅਹੀਆ ਪੁਰ ਮਹੰਤ ਆਤਮਾ ਸਿੰਘ ਜੀ ਦਾ ਪਿੰਡ ਹੈ। ਇਥੇ ਹੀ ਸੰਤ ਜੁਗਿੰਦਰ ਸਿੰਘ ਦੀ ਹਾਰਮੋਨੀਅਮ ਰੀਡਾਂ ਦੀ ਦੁਕਾਨ ਹੈ। ਮਹੰਤ ਆਤਮਾ ਸਿੰਘ ਜੀ ਨੂੰ ਆਪਣੇ ੫੧ ਸਾਲਾਂ ਦੇ ਵੱਡੇ ਸਪੁਤਰ ਦੀ ਮੌਤ ਦੀ ਖਬਰ ਸ੍ਰੀ ਭੈਣੀ ਸਾਹਿਬ ਪ੍ਰਯੋਗ ਮੇਲੇ ਸਮੇਂ ਪੁੱਜੀ। ਸ੍ਰੀ ਜੀਵਨ ਨਗਰ ਇਲਾਕੇ ਦੇ ਰਿਸ਼ਤੇਦਾਰ ਅਤੇ ਇਲਾਕਾ ਨਿਵਾਸੀ ਭਾਰੀ ਗਿਣਤੀ ਵਿਚ ਅਹੀਆ ਪੁਰ ਪੁੱਜ ਗਏ ਸਨ।

ਮਹੰਤ ਆਤਮਾ ਸਿੰਘ ਜੀ ਨੇ ਇਸ ਅਵਸਰ ਤੇ ਪੂਰਨ ਗੁਰਸਿਖਾਂ ਦੇ ਕਿਰਦਾਰ ਨੂੰ ਪੇਸ਼ ਕੀਤਾ ਅਤੇ ਭਾਣੇ ਨੂੰ ਅਡੋਲ ਰਹਿ ਕੇ ਮੰਨਿਆ। ਉਹ ਆਪ ਅਫਸੋਸ ਕਰਨ ਆਇਆਂ ਨੂੰ ਹੌਸਲਾ ਦਿੰਦੇ। ਅੰਤਮ ਯਾਤਰਾ ਵਿਚ ਆਪ ਮਹੰਤ ਜੀ ਸ਼ਬਦ ਪੜ੍ਹਦੇ ਗਏ ਅਤੇ ਉਹਨਾਂ ਦੇ ਦੂਸਰੇ ਸਪੁਤਰ ਨੇ ਢੋਲਕ ਵਜਾਈ। ਸ਼ਵ ਯਾਤਰਾ ਵਿਚ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਵੀ ਸ਼ਾਮਲ ਹੋਏ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪ੍ਰਯੋਗ ਦੇ ਵਿਚੋਂ ਸਮਾਂ ਕੱਢ ਕੇ ਅਹੀਆ ਪੁਰ ਗਏ ਅਤੇ ਦੁਖੀ ਪਰਿਵਾਰਾਂ ਨੂੰ ਢਾਰਸ ਦਿਤੀ। ਮਹਾਰਾਜ ਬੀਰ ਸਿੰਘ ਜੀ ਵੀ ਅਹੀਆ ਪੁਰ ਪਧਾਰੇ। ਸ: ਬੇਅੰਤ ਸਿੰਘ ਪ੍ਰਧਾਨ ਪੰਜਾਬ ਕਾਂਗਰਸ ਅਤੇ ਹੋਰ ਸਿਆਸੀ ਸਮਾਜੀ ਪਾਰਟੀਆਂ ਦੇ ਲੋਕ ਵੀ ਗਏ।

੧੧ ਨਵੰਬਰ ਨੂੰ ਵਿਛੜੀ ਜੀਵ ਆਤਮਾ ਨਮਿਤ ਪਾਠ ਦਾ ਭੋਗ ਪਾਇਆ ਗਿਆ। ਸਭ ਤੋਂ ਪਹਿਲਾਂ ਜਥੇਦਾਰ ਗਿਆਨ ਸਿੰਘ ਦਾਨ ਸਿੰਘ ਜੀ ਨੇ ਚੜਦੀ ਕਲਾ ਵਾਲਾ ਕੀਰਤਨ ਕੀਤਾ। ਉਪਰੰਤ ਸ਼ਰਧਾਂਜਲੀਆਂ ਪੇਸ਼ ਕੀਤੀਆਂ ਗਈਆਂ। ਸੂਬਾ ਮੇਲਾ ਸਿੰਘ, ਸੰਪਾਦਕ ਵਰਿਆਮ, ਸ: ਈਸ਼ਰ ਸਿੰਘ ਅਰਸ਼ੀ, ਬੀਬੀ ਸੁਰਜੀਤ ਕੌਰ ਐਕਸ ਐਮ. ਐਲ. ਏ., ਡਾ: ਕੇਵਲ ਕ੍ਰਿਸ਼ਨ ਸਾਬਕਾ ਖਜ਼ਾਨਾ ਮੰਤਰੀ ਪੰਜਾਬ ਨੇ ਆਪਣੀਆਂ ਸ਼ਰਧਾਂਜਲੀਆਂ ਵਿਚ ਅਹੀਆਪੁਰ ਪਿੰਡ ਦੀ ਸੰਪ੍ਰਦਾਇਕ ਏਕਤਾ ਦਾ ਜ਼ਿਕਰ ਕੀਤਾ ਅਤੇ ਸਨਖਤਰਵੀ ਪਰਿਵਾਰ ਦੀ ਭਾਣਾ ਮੰਨਣ ਦੀ ਸ਼ਕਤੀ ਦੀ ਸਰਾਹਣਾ ਕੀਤੀ।



Sri Satguru Jagjit Singh Ji eLibrary NamdhariElibrary@gmail.com

ਅੰਤ ਉਤੇ ਮਹਾਰਾਜ ਬੀਰ ਸਿੰਘ ਜੀ ਨੇ ਇਸ ਸੰਕਟ-ਮਈ ਸਮੇਂ ਵਿਚ ਨਾਮ ਸਿਮਰਨ ਦਾ ਸਹਾਰਾ ਲੈਣ ਦਾ ਉਪਦੇਸ਼ ਦਿਤਾ। ਮਹੰਤ ਆਤਮਾ ਸਿੰਘ ਜੀ ਨੇ ਇਸ ਅਵਸਰ ਤੇ ਕਿਹਾ ਕਿ ਮੈਨੂੰ ਅੱਜ ਪਤਾ ਲਗਾ ਹੈ ਕਿ ਮੇਰਾ ਕਿੱਡਾ ਵੱਡਾ ਪਰਿਵਾਰ ਹੈ। ਇਹ ਰਿਸ਼ਤੇਦਾਰੀਆਂ ਦੀਆਂ ਹੱਦਾਂ ਤੋਂ ਕਿਤੇ ਵਡੇਰਾ ਹੈ। ਸਾਧ ਸੰਗਤ ਨੇ ਬਹੁਤ ਕਿਰਪਾ ਕੀਤੀ ਹੈ ਇਸ ਨਾਲ ਸਾਨੂੰ ਬਹੁਤ ਬਲ ਮਿਲਿਆ ਹੈ।

ਸਾਰਾ ਦਿਨ ਗੁਰੂ ਕਾ ਲੰਗਰ ਵਰਤਦਾ ਰਿਹਾ। ਸ੍ਰੀ ਭੈਣੀ ਸਾਹਿਬ ਤੋਂ ਵੀ ਬਹੁਤ ਸਾਧ ਸੰਗਤ ਪਧਾਰੀ ਹੋਈ ਸੀ ਅਤੇ ਸ੍ਰੀ ਜੀਵਨ ਨਗਰ ਇਲਾਕੇ ਵਿਚੋਂ ਵੀ ਬਹੁਤ ਸੰਗਤ ਆਈ ਸੀ।

ਅਸੀਂ ਮਹੰਤ ਆਤਮਾ ਸਿੰਘ ਜੀ ਸਨਖਤਰਵੀ ਜੀ ਅਤੇ ਹੋਰ ਲੋਕਾਂ ਦੇ ਗ਼ਮ ਦੇ ਭਾਈਵਾਲ ਹਾਂ ਅਤੇ ਅਰਦਾਸ ਕਰਦੇ ਹਾਂ ਕਿ ਵਿਛੜੀਆਂ ਜੀਵ ਆਤਮਾਵਾਂ ਦੀ ਸਦਗਤੀ ਹੋਵੇ ਅਤੇ ਪੰਜਾਬ ਵਿਚ ਸੁਖ ਸ਼ਾਂਤੀ ਕਾਇਮ ਹੋਵੇ।

—ਜਗਦੀਸ਼ ਸਿੰਘ

## ਵਰਿਆਮ ਨੂੰ ਸਹਿਯੋਗ

**—ਸੰਤ ਦਲੀਪ ਸਿੰਘ ਪਨਵ ਨਵੀਂ ਦਿੱਲੀ** ਵਲੋਂ ਸ੍ਰੀ ਅੰਮ੍ਰਿਤਸਰ ਦੇ ਸ਼ਹੀਦਾਂ ਦੀ ਯਾਦ ਵਿਚ ੧੫ ਸਤੰਬਰ ਨੂੰ ਸ੍ਰੀ ਭੈਣੀ ਸਾਹਿਬ ਵਿਚ ਮੇਲਾ ਕੀਤਾ ਗਿਆ। ਇਸ ਅਵਸਰ ਤੇ ਵਰਿਆਮ ਨੂੰ ੫੧/- ਸਹਾਇਤਾ ਸੰਤ ਦਿਆਲ ਸਿੰਘ ਫਗਵਾੜਾ ਰਾਹੀਂ ਭੇਜੀ ਗਈ ਹੈ।

**—ਸ: ਸੰਤੋਖ ਸਿੰਘ ਠੇਕਦਾਰ ਚੰਡੀਗੜ੍ਹ,** ਨੇ ਅਪਣੀ ਫੈਕਟਰੀ ੨੯/੧ ਰਾਮ ਦਰਬਾਰ ਵਿਖੇ ੩੦ ਜੂਨ ਨੂੰ ਸਾਧ ਸੰਗਤ ਬਲਾਕੇ ਕੀਰਤਨ ਕਰਵਾਇਆ। ਇਸ ਸਮੇਂ ਸ੍ਰੀ ਭੈਣੀ ਸਾਹਿਬ ਵਿਕਾਸ ਸੰਮਤੀ, ਨਾਮਧਾਰੀ ਧਰਮਸਾਲਾਂ ਚੰਡੀਗੜ੍ਹ, ਰਾਮਗੜ੍ਹੀਆ ਭਵਨ ਚੰਡੀਗੜ੍ਹ, ਸਤਿਜੁਗ ਅਖਬਾਰ ਦੇ ਨਾਲ ਵਰਿਆਮ ਨੂੰ ੫੧/- ਰੁ: ਸਹਾਇਤਾ ਸੰਤ ਮੰਗਲ ਸਿੰਘ ਰਾਹੀਂ ਭੇਜੀ।

**—ਸੂਬਾ ਹਰਬੰਸ ਸਿੰਘ ਦੋਸ਼ੀ** ਔਰੰਗਾਬਾਦ ਵਰਿਆਮ ਨਾਲ ਸਦੀਵੀ ਪਿਆਰ ਜਤਾਉਂਦੇ ੫੦/- ਰੁਪੈ ਭੇਜਦੇ ਹਨ।

**—ਸ: ਮਹਿੰਦਰ ਸਿੰਘ ਭਮਰਾ ਪਿੰਡ ਮੋਰੋਂ** ਵਾਲਿਆਂ ਨੇ ਵਿਦੇਸ਼ ਤੋਂ ਆਕੇ ਆਪਣੀ ਸਪੁਤਰੀ ਬੀਬੀ ਬਲਵਿੰਦਰ ਕੌਰ ਦਾ ਆਨੰਦ ਕਾਰਜ ਸ੍ਰੀ ਭੈਣੀ ਸਾਹਿਬ ਮੇਲੇ ਡੇ ੧੦ ਨਵੰਬਰ ੧੯੮੮ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਉਹਨਾਂ ਦੀ ਆਗਿਆ ਅਨੁਸਾਰ ਸ: ਗਿਆਨ ਸਿੰਘ ਗੁੜਗਾਉਂ ਦੇ ਸਪੁਤਰ ਸ: ਗੁਰਚਰਨ ਸਿੰਘ ਨਾਲ ਕੀਤਾ। ਇਸ ਖੁਸ਼ੀ ਵਿਚ ਉਹਨਾਂ ਵਰਿਆਮ ਨੂੰ ੨੦੦/- ਰੁਪਏ ਪ੍ਰੇਮ ਵਜੋਂ ਦਿਤੇ।

**—ਸ: ਸੂਰਤ ਸਿੰਘ ਜਲੰਧਰ** ਨੇ ਆਪਣੇ ਗ੍ਰਹਿ ਜੌੜਾਪੁਲ ਵਿਖੇ ਵਰਨੀ ਕਰਵਾਈ ਅਤੇ ਵਾਰ ਦਾ ਕੀਰਤਨ ਕਰਵਾਇਆ। ਇਸ ਅਵਸਰ ਤੇ ਵਰਿਆਮ ਨੂੰ ੧੧/- ਰੁਪਏ ਦਿਤੇ।

**—ਸ: ਕਰਤਾਰ ਸਿੰਘ ਪੰਛੀ** ਪਰਧਾਨ ਪੰਜਾਬੀ ਸਾਹਿਤ ਸਭਾ ਮਲੇਰਕੋਟਲਾ, ਦੇ ਮਾਤਾ ਜੀ ਬੀਬੀ ਨੰਦ ਕੌਰ ਜੀ ੩੦ ਅਕਤੂਬਰ ਨੂੰ ਸੁਰਗਵਾਸ ਹੋ ਗਏ। ਉਹਨਾਂ ਦੀ ਜੀਵ ਆਤਮਾ ਨਮਿਤ ਪਾਠ ਦਾ ਭੋਗ ੮ ਨਵੰਬਰ ਨੂੰ ਪਾਇਆ ਗਿਆ। ਇਸ ਸਮੇਂ ਵਰਿਆਮ ਨੂੰ ੩੧/- ਰੁਪਏ ਭੇਟ ਕੀਤੇ ਗਏ।


ਕੀ ਤੁਸੀਂ ਚਾਹੁੰਦੇ ਹੋ ਕਿ ਤੁਹਾਡੀ ਸਟੇਸ਼ਨਰੀ ਖਿੱਚ ਭਰਪੂਰ ਹੋਵੇ,

ਤੁਹਾਡੇ ਲੈਟਰ ਪੈਡ, ਬਿਲ ਬੁੱਕ, ਰਸੀਦਾਂ, ਵਿਜ਼ਟਿੰਗ ਕਾਰਡ, ਰੇਟ ਲਿਸਟਾਂ, ਫਾਰਮ, ਸ਼ਾਦੀ ਦੇ ਕਾਰਡ ਪੁਸਤਕਾਂ ਰਸਾਲਿਆਂ ਦੇ ਟਾਈਟਲ ਆਦਿਕ ਸੁੰਦਰ ਛੱਪੇ ਹੋਏ ਹੋਣ।

ਆਰਟ ਕਾਗਜ਼ ਉਤੇ ਰੰਗੀਣ ਬਲਾਕਾਂ ਅਤੇ ਟਾਈਪ ਦੀ ਛਪਾਈ ਬਾ ਰੁਅਬ ਹੋਵੇ।

ਤਾਂ ਸੰਪਰਕ ਕਰਨ ਵਿਚ ਦੇਰ ਨਾ ਲਾਵੋ।

**ਨਾਮਧਾਰੀ ਪ੍ਰਿੰਟਰਜ਼ (ਵਰਿਆਮ ਪਰੈਸ)**

ਲਾਡੋਵਾਲੀ ਰੋਡ, ਸਾਹਮਣੇ ਐਕਸ ਸਰਵਿਸਮੈਨ ਟਰਾਂਸਪੋਰਟ, ਜਲੰਧਰ।





Sri Satguru Jagjit Singh Ji eLibrary NamdhariElibrary@gmail.com

# ਯਾਤਰਾ ਅਮਰਨਾਥ ਦੀ

—ਅਮਰ ਭਾਰਤੀ—

ਸਾਵਣ ਮਹੀਨੇ ਦੀ ਰੱਖੜ ਪੁੰਨਿਆਂ ਵਾਲੇ ਦਿਨ ਛੜੀ (ਤ੍ਰਿਸ਼ੂਲ ਤੇ ਝੰਡਾ) ਸ੍ਰੀ ਅਮਰਨਾਥ ਪਹੁੰਚਦੀ ਹੈ। ਇਸ ਤੋਂ ਪਹਿਲਾਂ ਇਹ ਚਾਨਣੇ ਪੱਖ ਦੀ ਚਤੁਰਥੀ ਵਾਲੇ ਦਿਨ ਸ੍ਰੀਨਗਰ ਤੋਂ ਦਸ਼ਨਾਮੀ ਅਖਾੜੇ ਵਿਚੋਂ ਨਾਗਾ ਸਾਧੂਆਂ ਦੇ ਹਥੀਂ ਚਲਕੇ ਪੜਾ ਦਰ ਪੜਾ ਪਹਿਲਗਾਮ ਜਾਂਦੀ ਤੇ ਫਿਰ ਉਥੇ ਦੋ ਤਿੰਨ ਦਿਨ ਰੁਕ ਕੇ ਲੰਮੇ ਔਖੇ ਬਰਫਾਨੀ ਪਹਾੜੀ ਸਫਰ ਦੀ ਤਿਆਰੀ ਕਰਕੇ ਦਵਾਦਸ਼ੀ ਨੂੰ ਪਹਿਲਗਾਮ ਤੋਂ ਰਵਾਨਾ ਹੁੰਦੀ ਹੈ। ਨਾਗਾ ਸਾਧੂਆਂ ਨਾਲ ਦੇਸ ਦੇਸ ਦੇ ਤੇ ਕੁਝ ਪਰਦੇਸਾਂ ਦੇ ਵੀ—ਸ਼ਰਧਾਲੂ ਇਸ ਯਾਤਰਾ ਨਾਲ ਜਾਂਦੇ ਨੇ।

ਵੀਹ-ਪੰਝੀ ਸਾਲ ਪਹਿਲਾਂ ਦੇ ਮੁਕਾਬਲੇ ਹੁਣ ਇਹ ਯਾਤਰਾ ਸੌਖੀ ਹੋ ਗਈ ਹੈ। ਉਦੋਂ ਤਕ ਸਭ ਸਰਕਾਰੀ ਅਮਲੇ ਫੈਲੇ, ਪੁਲਸ, ਫੌਜ ਤੇ ਸਾਧੂਆਂ ਸਮੇਤ ਬੜੀ ਮੁਸ਼ਕਲ ਨਾਲ ਹਜ਼ਾਰ ਕੁ ਦੀ ਗਿਣਤੀ ਵਿਚ ਹੀ ਲੋਕ ਅਮਰ ਨਾਥ ਪਹੁੰਚਦੇ ਸਨ। ਰਸਤੇ ਵਿਚ ਠੰਢ ਨਾਲ ਜਾਂ ਅਸਮਾਨ ਛੂੰਹਦੇ ਰਸਤਿਆਂ ਤੋਂ ਲੰਘਦਿਆਂ ਹੇਠਾਂ ਡੂੰਘੀਆਂ-ਖੱਡਾਂ ਖਾਈਆਂ ਵਲ ਝਾਕਣ ਤੇ ਡਰ ਨਾਲ ਹਾਰਟ ਫੇਲ੍ਹ ਹੋ ਜਾਣ ਕਰਕੇ ਅਥਵਾ ਘੋੜੇ ਤੋਂ ਡਿਗ ਕੇ ਦੋ-ਇਕ ਵਿਅਕਤੀ ਮਰ ਜਾਂਦੇ। ਦਸ-ਵੀਹ ਜਾਂ ਪੰਜਾਹ ਤਕ ਲੋਕ ਅਤੀ ਔਖੀਆਂ ਚੜ੍ਹਾਈਆਂ, ਬਰਫੀਲੇ ਤੂਫਾਨਾਂ, ਬਾਰਿਸ਼ ਤੇ ਠੰਢ ਦੀ ਮਾਰ ਨਾ ਸਹਿ ਸਕਣ ਕਰਕੇ ਵਾਪਸ ਭੱਜ ਜਾਂਦੇ ਸਨ। ਕੁਝ ਲੋਕ ਪਿੱਸੂ ਟਾਪ ਦੀ ਤਿੰਨ ਮੀਲ ਦੀ ਖੜੀ ਚੜ੍ਹਾਈ—ਜੋ ਕਿ ਇਕੋ ਹੀ ਧੁਰੀ ਤੇ ਘੁੰਮੀ ਜਾਂਦੀ ਹੈ—ਨੂੰ ਵੇਖ ਕੇ ਹੇਠੋਂ ਚੰਦਨਵਾੜੀ ਤੋਂ ਹੀ ਕੰਨ ਵਲੇਟ ਕੇ ਪਰਤ ਜਾਂਦੇ ਸਨ। ਉਦੋਂ ਇਹਨਾਂ ਰਾਹਾਂ ਨੂੰ ਸਾਲ ਵਿਚ ਸਿਰਫ ਦੋ ਵਾਰੀ ਇਨਸਾਨੀ ਕਦਮਾ ਦੀ ਛੋਹ ਮਿਲਦੀ ਸੀ। ਇਕ ਦਿਨ ਯਾਤਰੂਆਂ ਦੇ ਜਾਣ ਵੇਲੇ ਤੇ ਇਕ ਦਿਨ ਉਨ੍ਹਾ ਦੇ ਅਮਰਨਾਥ ਤੋਂ ਪਰਤਣ ਵੇਲੇ। ਰੱਖੜ ਪੁੰਨਿਆਂ ਸਮੇਂ ਇਸ ਯਾਤਰਾ ਦਾ ਬੰਦੋਬਸਤ ਕਸ਼ਮੀਰ ਸਰਕਾਰ ਦੀ ਦੇਖ ਰੇਖ ਵਿਚ ਹੁੰਦਾ ਸੀ। ਪੁਲਿਸ ਫੌਜ ਦੇ ਜਵਾਨ ਤੇ ਡਾਕਟਰ ਨਾਲ ਹੁੰਦੇ ਸਨ। (ਇਨ੍ਹਾਂ ਕੁ ਬੰਦੋਬਸਤ ਹੁਣ ਵੀ ਸਰਕਾਰ ਹੀ ਕਰਦੀ ਹੈ) ਸ਼ਰਧਾਲੂ ਲੋਕ ਆਪਣੀ ਲੋੜ ਦੇ ਪਹਿਨਣ ਵਾਲੇ ਗਰਮ ਕਪੜੇ, ਬਿਸਤਰੇ, ਤੰਬੂ ਬਾਲਣ ਲਈ ਲਕੜਾਂ ਤੇ ਪਕਾਣ-ਖਾਣ ਲਈ ਅੰਨ-ਦਾਲ ਅਤੇ ਭਾਂਡੇ ਭਾੜੇ ਦੇ ਟੱਟੂਆਂ ਉਪਰ ਲੱਦ ਕੇ ਲਿਜਾਂਦੇ ਤੇ ਆਪ ਕੋਈ ਤੁਰਕੇ ਅਤੇ ਕੋਈ ਘੋੜੇ ਉਪਰ ਜਾਂ ਡਾਂਡੀ ਵਿਚ ਬਹਿਕੇ ਅਮਰਨਾਥ ਜਾਂਦੇ-ਆਉਂਦੇ ਸਨ। ਇਸ ਰਸਤੇ ਜਾਣ ਆਉਣ ਵਿਚ ਪਹਿਲਗਾਮ ਤਕ ਪੰਜ ਛੇ ਦਿਨ ਲਗ ਜਾਂਦੇ ਨੇ।

ਪਰ ਹੁਣ ਕੁਝ ਸਾਲਾਂ ਤੋਂ ਇਕ ਹੋਰ ਬਾਲ ਤਾਲ ਵਾਲਾ ਰਸਤਾ ਖੁਲ੍ਹ ਜਾਣ ਕਰਕੇ ਪਹਿਲਗਾਮ ਵਾਲੇ ਇਸ ਪਰੰਪਰਾਗਤ ਰਾਹ ਦੀ ਯਾਤਰਾ ਵੀ ਸੌਖੀ ਹੋ ਗਈ ਹੈ। ਹੁਣ ਸ੍ਰੀਨਗਰ ਤੋਂ ਆਮ ਯਾਤਰੂ ਬਸ ਰਾਹੀਂ ਪਹਿਲਗਾਮ ਪਹੁੰਚ ਜਾਂਦਾ ਹੈ ਤੇ ਪਹਿਲਗਾਮ ਤੋਂ ਪੰਜਾਹ ਰੁਪਏ ਭਾੜਾ ਦੇ ਕੇ ਚੰਦਨਵਾੜੀ ਤਕ ਟੈਕਸੀ ਉਪਰ ਅਤੇ ਚੰਦਨਵਾੜੀ ਤੋਂ ਉਹ ਯਾਤਰਾ ਦਲ ਨਾਲ ਰਲ ਪੈਂਦਾ ਹੈ ਅਜ ਕਲ੍ਹ ਤੰਬੂ ਤੇ ਬਿਸਤਰੇ ਚੁਕਣ ਦੀ ਲੋੜ ਨਹੀਂ ਪੈਂਦੀ। ਮਹੀਨਾ ਡੇਢ ਮਹੀਨਾ ਪਹਿਲਾਂ ਹੀ ਕਸ਼ਮੀਰੀ ਵਪਾਰੀ ਰਸਤੇ ਦੇ ਪੜਾਵਾਂ ਉਪਰ ਤੰਬੂ ਗੱਡ ਦੇਂਦੇ, ਤੰਬੂਆਂ ਵਿਚ ਹੋਟਲ ਖੋਹਲ ਦੇਂਦੇ ਤੇ ਕਿਰਾਏ ਉਪਰ ਦੇਣ ਲਈ ਬਿਸਤਰਿਆਂ ਦਾ ਬੰਦੋਬਸਤ ਕਰ ਰਖਦੇ ਨੇ ਹੁਣ ਸਿਰਫ ਗਲ ਪਾਉਣ ਵਾਲੇ ਗਰਮ ਕਪੜੇ ਹੀ ਚੁਕਣੇ ਪੈਂਦੇ ਨੇ।

ਬਾਲ ਤਾਲ ਵਾਲਾ ਰਸਤਾ ਖੁਲ੍ਹਣ ਨਾਲ ਹੁਣ ਬਹੁਤੇ ਲੋਕ ਅਮਰ ਨਾਥ ਤੋਂ ਇਕੋ ਦਿਨ ਵਿਚ ਹੀ ਦਰਸ਼ਨ ਕਰਕੇ ਵਾਪਸ ਸ੍ਰੀਨਗਰ ਪਹੁੰਚ ਜਾਂਦੇ ਨੇ। ਲੋਕ ਰੱਖੜ ਪੁੰਨਿਆ ਤੋਂ ਮਹੀਨਾ ਡੇਢ ਮਹੀਨਾ ਪਹਿਲਾਂ ਹੀ ਅਮਰ ਨਾਥ ਜਾਣ ਆਉਣਾ ਸ਼ੁਰੂ ਕਰ ਦੇਂਦੇ ਨੇ। ਪਰ ਬਾਲ ਤਾਲ ਵਾਲੇ ਰਸ ਛੜੀ ਨਹੀਂ ਜਾਂਦੀ। ਉਹ ਤੇ ਆਪਣੇ ਪਰੰਪਰਾਗਤ ਰਸ ਅਤੇ ਨਿਸਚਿਤ ਦਿਨਾਂ ਵਿਚ ਹੀ ਜਾਂਦੀ ਹੈ। ਪਰ ਜਿਹ ਲੋਕ ਹਰ ਗੱਲ ਲਈ ਪਰੰਪਰਾ ਨਾਲ ਬੱਝੇ ਨਹੀਂ ਰਹਿੰਦੇ, ਜ ਜਿਨ੍ਹਾਂ ਨੂੰ ਆਪਣੇ ਕਾਰੋਬਾਰਾਂ ਤੋਂ ਘਟ ਤੋਂ ਘਟ ਵਿਹ ਮਿਲਦੀ ਹੈ ਤੇ ਜਿਨ੍ਹਾਂ ਦਾ ਅਮਰ ਨਾਥ ਨਾਲ ਕੇਵਲ ਦਾ ਦਖਸ਼ਣਾ ਤੇ ਪੂਜਾ ਦਾ ਹੀ ਵਾਸਤਾ ਹੁੰਦਾ ਹੈ ਉਹ ਰੱਖ ਪੁੰਨਿਆ ਤੋਂ ਪਹਿਲਾਂ ਹੀ ਅਮਰ ਨਾਥ ਮੱਥਾ ਟ ਆਉਂਦੇ ਨੇ।

ਕੁਝ ਲੋਕ ਇਹੋ ਜਿਹੇ ਵੀ ਨੇ, ਜਿਹੜੇ ਰੱਖੜ ਪੁੰਨਿਆ ਦੇ ਪੁੰਨ ਦਾ ਲੋਭ ਤਾਂ ਛੱਡ ਦੇਂਦੇ ਨੇ ਪਰ ਉਸ ਰਸਤੇ ਜਾ ਦਾ ਪੁੰਨ ਨਹੀਂ ਗਵਾਉਣਾ ਚਾਹੁੰਦੇ ਜਿਸ ਰਸਤੇ ਸ਼ਿਵ ਮਹਾਰਾਜ ਅਮਰ ਨਾਥ ਦੀ ਗੁਫਾ ਵੱਲ ਜਾਂਦੇ ਹੋਏ ਆਪ ਭਾਰ ਹੌਲਾ ਕਰਦੇ ਗਏ ਸਨ। ਚੰਦਨਵਾੜੀ ਵਿਚ ਸ਼ਿਵ ਨੇ ਆਪਣੇ ਮੱਥੇ ਉਪਰ ਚਮਕਦੇ ਅਰਧ ਚੰਦਰ ਨੂੰ ਤਿਆ ਦਿਤਾ ਸੀ। ਆਪਣੇ ਗਲ ਵਿਚ ਪਲਮਦੇ ਸੱਤ ਸਿਰਾਂ ਵਾ ਨਾਗ ਨੂੰ 'ਸ਼ੇਸ਼ ਨਾਗ' ਦੀ ਝੀਲ ਵਿਚ ਛਡ ਦਿੱਤਾ ਸੀ ਅ ਪੰਚ ਤਰਨੀ ਵਿਚ—ਜਿਥੇ ਆਣਕੇ ਅਮਰਾਵਤੀ ਅਥਵਾ ਆ ਗੰਗਾ ਵਿਚ ਪੰਜ ਜਲ-ਧਾਰਾ ਮਿਲਦੀਆਂ ਨੇ—ਸ਼ਿਵਜੀ



Sri Satguru Jagjit Singh Ji eLibrary NamdhariElibrary@gmail.com

ਪੰਜ ਸਥੂਲ ਭੂਤਾਂ ਅਥਵਾ ਪੰਜ ਤੱਤਾਂ ਦਾ ਵਿਸਰਜਨ ਕਰ ਦਿਤਾ ਸੀ ।

ਇਨ੍ਹਾ ਤੋਂ ਇਲਾਵਾ ਕੁਝ ਇਹੋ ਜਿਹੇ ਲੋਕ ਵੀ ਅਮਰ ਨਾਥ ਜਾਂਦੇ ਨੇ ਜਿਹੜੇ ਕੁਦਰਤ ਦੇ ਉਨ੍ਹਾਂ ਰੂਪਾਂ ਨੂੰ ਜੀਵਨ ਵਿਚ ਘਟੋ ਘਟ ਇਕ ਵਾਰੀ ਤਾਂ ਜ਼ਰੂਰ ਹੀ ਵੇਖਣਾ ਚਾਹੁੰਦੇ ਨੇ, ਜਿਸ ਦੇ ਸੰਪੂਰਨ ਰੂਪਾਂ ਨੂੰ ਕੇਵਲ ਸ਼ਿਵਜੀ ਮਹਾਰਾਜ ਵਾਲੇ ਰਸਤੇ ਜਾਕੇ ਹੀ ਵੇਖਿਆ ਜਾ ਸਕਦਾ ਹੈ। ਸੋ ਵੀਹ ਪੰਝੀ ਸਾਲ ਪਹਿਲਾਂ ਜਿੰਨੇ ਲੋਕ ਸਾਲ ਵਿਚੋਂ ਸਿਰਫ ਇਕ ਵਾਰੀ ਅਮਰ ਨਾਥ ਜਾਂਦੇ ਆਉਂਦੇ ਸਨ, ਓਨੇ ਕੁ ਹੁਣ ਮਹੀਨੇ ਡੇਢ ਮਹੀਨੇ ਤਕ ਰੋਜ਼ ਹੋ ਆਉਂਦੇ ਨੇ।

ਪਰ ਅਸੀਂ, ਮੈਂ ਤੇ ਡਾ: ਮਨਜੀਤ,ਯਾਤਰੂਆਂ ਦੀ ਉਸ ਜਮਾਤ ਵਿਚੋਂ ਹੋਣ ਕਰਕੇ ਜਿਹੜੇ ਕੁਦਰਤੀ ਵਾਤਾਵਰਨ ਵਿਚ ਕੁਝ ਵਧੇਰੇ ਦਿਨ ਰਹਿ ਕੇ ਉਸ ਦਾ ਆਨੰਦ ਮਾਨਣਾ ਚਾਹੁੰਦੇ ਨੇ—ਪਰੰਪਰਾਗਤ ਰਸਤੇ ਚੋਂ ਹੀ ਲੰਘਣ ਦਾ ਪ੍ਰੋਗਰਾਮ ਬਣਾ ਲਿਆ—ਪਰ ਕੁਝ ਫਰਕ ਨਾਲ ।

ਸਾਡਾ ਪਹਿਲਾ ਪ੍ਰੋਗਰਾਮ (ਲੱਦਾਖ) ਜਾਣ ਦਾ ਸੀ। 'ਯੂਥ ਹੋਸਟਲ ਐਸੋਸੀਏਸ਼ਨ ਔਫ ਇੰਡੀਆ, ਨਾਮ ਦੀ ਸੰਸਥਾ ਵਲੋਂ ਹਿੰਦੁਸਤਾਨ ਦੇ ਵੱਖ ਵੱਖ ਸੂਬਿਆਂ ਦੇ ਪਹਾੜਾਂ ਉਪਰ ਚੜ੍ਹਨ (ਟਰੇਨਿੰਗ) ਦਾ ਕਾਰਜ ਕ੍ਰਮ ਹਰ ਸਾਲ ਚਲਦਾ ਰਹਿੰਦਾ ਹੈ। ਇਸ ਸਾਲ—੧੯੮੮ ਵਿਚ ਇਹ ਕਾਰਜ ਕ੍ਰਮ ਦੁਨੀਆਂ ਦੀ ਸਭ ਤੋਂ ਉਤਲੀ ਛੱਤ ਲੱਦਾਖ (ਲੱਦਾਖ ਰੂਫ ਟੌਪ ਆਫ ਦ ਵਰਲਡ) ਵਿਚਲੇ ਪਹਾੜਾਂ ਦੀ ਚੜ੍ਹਾਈ ਦਾ ਸੀ। ਸ੍ਰੀ ਨਗਰ ਕਸ਼ਮੀਰ ਤੋਂ ਲੱਦਾਖ ਤੇ ਫਿਰ ਲੱਦਾਖ ਤੋਂ ਵਾਪਸ ਸ੍ਰੀਨਗਰ ਤਕ ਦੀ ਪੰਦਰਾਂ ਦਿਨਾਂ ਦੀ ਯਾਤਰਾ, ਖਾਣ ਪੀਣ ਤੇ ਸੌਣ ਦਾ ਸਾਰਾ ਬੰਦੋਬਸਤ ਯੂਥ ਹੋਸਟਲ ਦੇ ਜ਼ਿੰਮੇ ਖ਼ਰਚਾ ਪੌਣੇ ਸੱਤ ਸੌ ਰੁਪਏ। ਇਨ੍ਹਾਂ ਪੰਦਰਾਂ ਦਿਨਾਂ ਵਿਚ ਪੰਜ ਦਿਨਾਂ ਦੀ ਟਰੈਕਿੰਗ (ਪੈਦਲ ਚੜ੍ਹਾਈ-ਉਤਰਾਈ) ਤੇ ਬਾਕੀ ਦੇ ਦਿਨਾਂ ਵਿਚ ਲ਼ੇਹ ਲਦਾਖ ਦੇ ਸੈਰ ਸਪਾਟੇ ।

ਡਾ: ਮਨਜੀਤ ਨੇ ਮੈਨੂੰ ਵੀ ਟਰੈਕਿੰਗ ਵਾਸਤੇ ਚਲਣ ਲਈ ਆਖਿਆ ਤੇ ਨਾਲ ਹੀ ਅਮਰ ਨਾਥ ਦੀ ਯਾਤਰਾ ਦਾ ਪ੍ਰੋਗਰਾਮ ਬਣਾਨ ਲਈ। ਮੇਰੇ ਮਨ ਵਿਚ ਕਸ਼ਮੀਰ ਜਾਣ ਦੀ ਗੱਲ ਪਿਛਲੇ ਤੀਹ ਸਾਲਾਂ ਤੋਂ ਅਟਕੀ ਹੋਈ ਸੀ। ਡਾ: ਮਨਜੀਤ ਦੇ ਪ੍ਰਸਤਾਵ ਵਿਚ ਲੇਹ-ਲੱਦਾਖ਼ ਤੇ ਅਮਰ ਨਾਥ ਤਕ ਦਾ ਵਿਸਥਾਰ ਸੁਣ ਕੇ ਇਰਾਦਾ ਬਣਨਾ ਸ਼ੁਰੂ ਹੋ ਗਿਆ। ਇਸ ਸਾਰੀ ਯਾਤਰਾ ਵਿਚ ਢਾਈ ਤਿੰਨ ਹਜ਼ਾਰ ਰੁਪਏ ਖਰਚ ਆਉਣ ਦਾ ਅਨੁਮਾਨ ਸੀ। ਮੇਰੇ ਮਿਤਰ ਪਿਆਰਾ ਸਿੰਘ ਜੀ ਦਾਤਾ ਨੇ ਇਸ ਵਿਚ ਮੇਰੀ ਕੁਝ ਮਦਦ ਕਰਨ ਦੀ ਪੇਸ਼ਕਸ਼ ਕੀਤੀ ਤੇ ਕੁਝ ਡਾ: ਮਨਜੀਤ ਨੇ। ਪਰ ਦਾਤਾ ਜੀ ਕੋਲੋਂ ਮੇਰੇ ਲਦਾਖ਼ ਤੇ ਅਮਰ ਨਾਥ ਦੀ ਗੱਲ ਸੁਣ ਕੇ ਭਾਪਾ ਪ੍ਰੀਤਮ ਸਿੰਘ ਜੀ (ਆਰਸੀ) ਨੇ ਦਾਤਾ ਜੀ ਦੇ ਹੱਥ ਹੀ ਦੋ ਹਜ਼ਾਰ ਰੁਪਇਆ ਭਿਜਵਾ ਕੇ ਮੈਨੂੰ ਅਖਵਾ ਘਲਿਆ, ਕਿ "ਤਸੱਲੀ ਨਾਲ ਘੁੰਮ ਫਿਰ ਕੇ ਆਉਣਾ—ਇਹ ਰੁਪਇਆ ਮੋੜਨਾ ਨਹੀਂ ਪਏਗਾ।"

ਭਾਪਾ ਜੀ ਦੇ ਇਨ੍ਹਾ ਗੁਣਾਂ ਕਰਕੇ ਹੀ ਸ਼ਾਇਦ ਉਨ੍ਹਾਂ ਨੂੰ 'ਤਕੀਏ ਦਾ ਪੀਰ' ਕਿਹਾ ਗਿਆ ਹੈ।

ਸੋ ਅਸੀਂ ੨੫ ਜੁਲਾਈ ੧੯੮੮ ਨੂੰ ਸ੍ਰੀਨਗਰ ਪਹੁੰਚ ਗਏ। ਦੋ ਦਿਨ ਸ੍ਰੀ ਨਗਰ ਦੇ ਬੇਸ ਕੈਂਪ ਵਿਚ ਰਹਿਣ ਤੋਂ ਬਾਅਦ ਯੂਥ ਹੋਸਟਲ ਵਲੋਂ ਕੀਤੀ ਬਸ ਰਾਹੀਂ ਲੱਦਾਖ ਨੂੰ ਚਲੇ ਗਏ ਤੇ ਪੰਦਰਾਂ ਦਿਨਾਂ ਦੀ ਸਾਰੀ ਯਾਤਰਾ ਕਰਕੇ ੯ ਅਗਸਤ ਵਾਲੇ ਦਿਨ ਵਾਪਸ ਸ੍ਰੀਨਗਰ ਨੂੰ ਪਰਤਦਿਆਂ ਰਸਤੇ ਵਿਚ ਹੀ ਪੈਂਦੇ 'ਬਾਲਤਾਲ' ਉਤਰ ਗਏ।

'ਬਾਲ ਤਾਲ' ਕਸ਼ਮੀਰ ਘਾਟੀ ਤੇ ਲੱਦਾਖ਼ ਨੂੰ ਵੱਖ ਕਰਨ ਵਾਲੇ ੧੧੬੧੪ ਫੁਟ (ਸਤਹ ਸਮੁੰਦਰ ਤੋਂ) ਉੱਚੇ ਜ਼ੋਜ਼ੀਲਾ ਦਰਰੇ ਦੇ ਪੈਰਾਂ ਵਿਚ ਇਕ ਰਮਣੀਕ ਸਥਾਨ ਹੈ ਤੇ ਸੋਨ ਮਰਗ ਦੇ ਇਲਾਕੇ ਵਿਚ ਪੈਂਦਾ ਹੈ। ਬਸ ਤੋਂ ਉਤਰ ਕੇ ਸੜਕ ਤੋਂ ਹੇਠਾਂ ਬਾਲ ਤਾਲ ਦੇ ਮੈਦਾਨ ਤਕ ਪਹੁੰਚਣ ਲਈ ਕੋਈ ਇਕ ਕਿਲੋਮੀਟਰ ਦੀ ਤਿੱਖੀ ਉਤਰਾਈ ਹੈ ਤੇ ਫਿਰ ਤਿੰਨ ਕਿਲੋਮੀਟਰ ਅੰਦਰ ਨੂੰ ਜਾ ਕੇ ਉਹ ਕੈਂਪ ਹੈ ਜਿਥੇ ਰਾਤ ਰਹਿਕੇ ਅਗਲੇ ਦਿਨ ਅਸਾਂ ਅਮਰ ਨਾਥ ਨੂੰ ਜਾਣਾ ਸੀ ਪਰ ਉਸੇ ਦਿਨ ਬਾਲ ਤਾਲ ਨੂੰ ਮੁੜਨਾ ਨਹੀਂ ਸੀ। ਅਸੀਂ ਵਾਹੋਦਾਹੀ ਵਿਚ ਅਮਰਨਾਥ ਗੁਫਾ ਨੂੰ ਹੱਥ ਲਗਾਉਣ ਜਾਂ ਦੱਖਸ਼ਣਾ ਦੇ ਕੇ ਮੱਥਾ ਘਸਾ ਕੇ ਵਾਪਸ ਆ ਜਾਣ ਵਾਲੇ ਨਹੀਂ ਸਾਂ—ਸਗੋਂ ਸਾਡਾ ਪ੍ਰੋਗਰਾਮ ਇਹ ਸੀ ਕਿ ਅਮਰਨਾਥ ਦੀ ਗੁਫਾ ਦੇ ਦਰਸ਼ਨ ਕਰਕੇ ਵਾਪਸ ਸ੍ਰੀਨਗਰ ਨੂੰ ਉਸ ਰਸਤੇ ਜਾਇਆ ਜਾਵੇ ਜਿਸ ਰਸਤੇ ਸ਼ਿਵਜੀ ਮਹਾਰਾਜ ਆਪਣਾ ਭਾਰ ਹੌਲਾ ਕਰਦੇ ਹੋਏ ਗੁਫਾ ਵਿਚ ਪਹੁੰਚੇ ਸਨ ਤੇ ਜਿਸ ਰਸਤੇ ਛੜੀ ਆਉਂਦੀ ਹੈ। ਅਸੀਂ ਦੋ ਚਾਰ ਦਿਨ ਰਸਤੇ ਵਿਚ ਰਹਿ ਕੇ ਪ੍ਰਕ੍ਰਿਤੀ ਦਾ ਉਹ ਅਨੰਦ ਮਾਣਨਾ ਤੇ ਉਹ ਰੂਪ ਵੇਖਣਾ ਚਾਹੁੰਦੇ ਸਾਂ ਜਿਸ ਬਾਰੇ ਬਾਣੀਕਾਰ ਨੇ ਵਜਦ ਵਿਚ ਆਣਕੇ ਆਖਿਆ ਸੀ—

"ਬਲਿਹਾਰੀ ਕੁਦਰਤਿ ਵਸਿਆ,
ਤੇਰਾ ਅੰਤੁ ਨ ਜਾਈ ਲਖਿਆ।"

ਸਾਡੇ ਨਾਲ ਲੱਦਾਖ਼ ਦੇ ਟਰੈਕਿੰਗ ਗਰੁਪ ਦਾ ਆਂਧਰਾ ਨਿਵਾਸੀ ਇਕ ਲੜਕਾ 'ਰਾਮ ਕ੍ਰਿਸ਼ਨ' ਤੇ ਪੰਦਰਾਂ ਕੁ ਹੋਰ ਟਰੈਕਰ ਵੀ ਅਮਰਨਾਥ ਜਾਣ ਲਈ ਬਸ ਤੋਂ ਉਤਰੇ ਸਨ। ਪਰ ਰਾਮਕ੍ਰਿਸ਼ਣ ਨੂੰ ਛਡ ਕੇ ਬਾਕੀ ਸਾਰੇ ਉਸੇ ਸ਼ਾਮ ਹੀ ਅਮਰ ਨਾਥ ਨੂੰ ਚਲੇ ਗਏ ਸਨ। ਰਾਤ ਦੇ ਬਾਰ੍ਹਾਂ ਕੁ ਵਜੇ ਅਮਰ ਨਾਥ ਪਹੁੰਚ ਕੇ ਅਗਲੇ ਦਿਨ ਸਵੇਰੇ ਪੰਜ ਛੇ ਵਜੇ ਹੀ


Sri Satguru Jagjit Singh Ji eLibrary NamdhariElibrary@gmail.com

ਗੁਫਾ ਦੇ ਦਰਸ਼ਨ ਕਰਕੇ ਵਾਪਸ ਆਉਂਦੇ ਸਾਨੂੰ ਰਸਤੇ ਵਿਚ ਮਿਲੇ ਸਨ।

ਸੋ ਅਸੀਂ ਬਾਲ ਤਾਲ ਦੇ ਸ਼ੁਰੂ ਵਿਚ ਹੀ ਫੌਜੀ ਤੰਬੂਆਂ ਅਤੇ ਫਿਰ ਤੰਬੂ ਹੋਟਲਾਂ ਦੇ ਕੋਲੋਂ ਦੀ ਲੰਘਦੇ ਹੋਏ—ਤਿੰਨ ਕਿਲੋਮੀਟਰ ਦੂਰ ਉਸ ਕੈਂਪ ਵਿਚ ਪੁਜ ਗਏ ਜਿਥੇ ਜਾ ਕੇ ਰੁਕਣ ਲਈ ਸਾਡੇ ਟਰੈਕਿੰਗ ਗਰੁਪ ਦੇ ਲੀਡਰ ਵਿਵੇਕ ਬਾਬੂ ਨੇ ਬਸ ਤੋਂ ਉਤਰਨ ਵੇਲੇ ਆਖਿਆ ਸੀ। ਉਥੇ ਤੰਬੂਆਂ ਦੀਆਂ ਕਈਆਂ ਲਾਈਨਾ ਸਨ। ਤੰਬੂਆਂ ਦੇ ਅਖੀਰਲੇ ਸਿਰੇ ਤੇ ਟੀਨ ਦੀਆਂ ਚਾਦਰਾਂ ਦਾ ਇਕ ਲੰਮਾ ਚੌੜਾ ਸ਼ੈੱਡ ਸੀ ਜਿਸ ਹੇਠ ਥੜੇ ਉਪਰ ਆਹਮਣੇ ਸਾਹਮਣੇ ਬਹੁਤ ਸਾਰੀਆਂ ਕੁਰਸੀਆਂ ਲਗੀਆਂ ਹੋਈਆਂ ਸਨ। ਮੀਂਹ ਪੈ ਰਿਹਾ ਸੀ ਤੇ ਅਸੀਂ ਭਿੱਜਦੇ ਭਿਜਾਂਦੇ ਬਿਨਾ ਏਧਰ ਓਧਰ ਵੇਖਿਆਂ ਤੁਰੰਤ ਸ਼ੈੱਡ ਹੇਠ ਜਾ ਖਲੋਤੇ। ਕੁਰਸੀਆਂ ਉਪਰ ਬੈਠੇ ਲੋਕ ਭੋਜਨ ਕਰ ਰਹੇ ਸਨ। ਭੁੱਖ ਸਾਨੂੰ ਵੀ ਜ਼ੋਰ ਦੀ ਲੱਗੀ ਹੋਈ ਸੀ, ਕਿਉਂਕਿ ਸਵੇਰੇ ਛੇ ਵਜੇ ਨਾਸ਼ਤਾ ਕਰਕੇ ਕਾਰਗਿਲ ਤੋਂ ਚਲਿਆਂ ਨੂੰ ਸਾਨੂੰ ਨੌਂ ਘੰਟੇ ਹੋ ਗਏ ਸਨ। ਕੰਡ ਤੋਂ ਆਪਣਾ ਰਕ ਸੈਕ (ਪਿਠੂ) ਲਾਹ ਕੇ ਰਖਦਿਆਂ ਹੀ ਸਾਨੂੰ ਕੁਰਸੀਆਂ ਉਪਰ ਬਹਿਣ ਲਈ ਬੇਨਤੀ ਕੀਤੀ ਗਈ। ਨਾਲ ਹੀ ਪੁਛਿਆ ਗਿਆ ਕਿ "ਕੀ ਖਾਓਗੇ",—ਚੌਲ, ਰੋਟੀ ਜਾਂ ਪੂਰੀ ਛੋਲੇ?" ਰਾਜ ਮਾਹ ਤੇ ਇਕ ਹੋਰ ਸਬਜ਼ੀ ਨਾਲ ਚੌਲ ਤੇ ਰੋਟੀ ਖਾ ਕੇ ਜਦੋਂ ਸ਼ੈੱਡ ਤੋਂ ਬਾਹਰ ਨਿਕਲੇ ਓਦੋਂ ਤਕ ਮੀਂਹ ਰੁਕ ਚੁਕਾ ਸੀ। ਰਾਤ ਰਹਿਣ ਲਈ ਤੰਬੂ ਅਲਾਟ ਕਰਵਾਇਆ ਤੇ ਸਮਾਨ ਉਸ ਵਿਚ ਟਿਕਾ ਕੇ ਕਿਸੇ ਕੋਲੋਂ ਪੁਛਿਆ—ਏਥੇ ਖਾਣ ਪਾਣ ਤੇ ਰਾਤ ਰਹਿਣ ਦੀ ਦਖਸ਼ਣਾ ਕੀ ਦੇਣੀ ਪੈਂਦੀ ਏ?"

"ਕੁਝ ਵੀ ਨਹੀਂ।"

"ਕੁਝ ਵੀ ਨਹੀਂ? ਤੇ ਔਹ ਸੈਂਕੜੇ-ਹਜ਼ਾਰਾਂ ਲੋਕਾਂ ਦੇ ਲੰਗਰ ਦਾ ਖਰਚਾ ਕੌਣ ਦੇਂਦਾ ਏ?"

"ਬਾਬਾ ਭੋਲੇ ਨਾਥ।"

"ਉਹ ਕੌਣ ਨੇ?"

"ਜਿਨ੍ਹਾਂ ਦੇ ਦਰਸ਼ਨ ਲਈ ਤੁਸੀਂ ਅਮਰ ਨਾਥ ਜਾ ਰਹੇ ਓ!"

"ਤਾਂ ਵੀ—ਬਾਬਾ ਭੋਲੇ ਨਾਥ ਵੀ ਤਾਂ ਕਿਸੇ ਦੇ ਅੰਦਰ ਵਸ ਕੇ ਹੀ ਇਹ ਸਭ ਕਰਵਾ ਰਹੇ ਹੋਣਗੇ!"

"ਬਸ ਇੰਜ ਸਮਝੋ ਕਿ ਉਹ ਆਪ ਹੀ ਕਰ ਰਹੇ ਨੇ ਤੇ ਆਪ ਹੀ ਕਰਵਾ ਰਹੇ ਨੇ।"

"ਜੇ ਕੋਈ ਇਸ ਲੰਗਰ ਲਈ ਦਾਨ ਦੇਣਾ ਚਾਹੇ ਤਾਂ......"

"ਨਹੀਂ ਲਿਆ ਜਾਂਦਾ। ਏਥੇ ਲੈਣ ਵਾਲਾ ਕੋਈ ਹੈ ਈ ਨਹੀਂ, ਸਭ ਸੇਵਕ—ਸੇਵਾਦਾਰ ਹੀ ਨੇ।"

ਫਿਰ ਕਿਸੇ ਨੇ ਪੁਛਿਆ, "ਤੁਸੀਂ ਚਾਹ ਜਾਂ ਕੌਫ਼ੀ ਲਓਗੇ!"

"ਹਾਂ" ਕਰਨ ਤੇ ਕੌਫ਼ੀ ਆ ਗਈ। ਉਥੋਂ ਜਦੋਂ ਅਸੀਂ ਥੋੜ੍ਹਾ ਬਾਹਰਲੇ ਪਾਸੇ ਨੂੰ ਹੋਏ ਤਾਂ ਸਾਹਮਣੇ ਕੜਾਹ ਤੇ ਖੀਰ ਦਾ ਸਟਾਲ ਦਿੱਸਿਆ। ਉਸ ਤੋਂ ਅਗੇ ਗਰਮ ਗਰਮ ਜਲੇਬੀਆਂ ਦਾ ਸਟਾਲ ਸੀ ਤੇ ਉਸ ਦੇ ਸਾਹਮਣੇ ਪਾਸੇ ਮਦਰਾਸੀ ਡੋਸੇ, ਆਲੂ ਦੀਆਂ ਟਿੱਕੀਆਂ ਤੇ ਗੋਲ ਗੱਪੇ ਹਾਜ਼ਰ ਸਨ। ਅਸੀਂ ਜਿਸ ਪਾਸੇ ਜਾਂਦੇ—ਸਟਾਲਾਂ ਵਾਲੇ ਆਵਾਜ਼ ਦੇ ਕੇ ਆਪਣੀ ਆਪਣੀ ਚੀਜ਼ ਖਾਣ ਲਈ ਆਖਦੇ ਤੇ ਆਗ੍ਰਹਿ ਕਰਕੇ ਬਦੋਬਦੀ ਵੀ ਖਵਾ ਕੇ ਹੀ ਹਿੱਲਣ ਦੇਂਦੇ। ਇਹ ਸਭ ਕੁਝ ਵੀ ਉਸੇ ਭੋਲੇ ਨਾਥ ਦੇ ਨਾਮ ਉਪਰ ਹੀ ਚਲ ਰਿਹਾ ਸੀ।

ਰਾਤ ਸੌਣ ਵੇਲੇ ਹਰ ਕਿਸੇ ਨੂੰ ਇਕ ਕੰਬਲ ਤੇ ਇਕ ਦਰੀ ਦਿਤੀ ਜਾਂਦੀ ਸੀ ਪਰ ਮੈਂ ਆਪਣੇ ਲਈ ਇਕ ਦਰੀ, ਇਕ ਕੰਬਲ ਹੇਠ ਲਈ ਤੇ ਦੋ ਕੰਬਲ ਉਪਰ ਲਈ ਮੰਗੇ। ਉਨ੍ਹਾਂ ਨੇ ਚਾਰੇ ਦੇ ਕੇ ਕਿਹਾ, "ਹੋਰ ਵੀ?"

ਸਵੇਰੇ ਜਾਣ ਲਈ ਤਿਆਰ ਹੋ ਕੇ ਬਾਹਰ ਨਿਕਲੇ ਤਾਂ ਪੂੜੀ ਕੜਾਹ, ਛੋਲੇ ਅਤੇ ਚਾਹ-ਕੌਫੀ ਦਾ ਸ਼ਾਹ ਵੇਲਾ ਹਾਜ਼ਰ ਸੀ।

ਪਿਛੇ ਪੰਦਰਾਂ ਦਿਨ ਲੰਮੇ ਪੈਂਡੇ ਮਾਰ ਕੇ ਆਇਆ ਸਾਂ, ਸੋ ਕੁਝ ਥਕੇਵਾਂ ਮਹਿਸੂਸ ਹੋ ਰਿਹਾ ਸੀ। ਇਸ ਲਈ ਚਾਹੁੰਦਾ ਸਾਂ ਕਿ ਏਥੋਂ ਕੋਈ ਟੱਟੂ ਘੋੜਾ ਮਿਲ ਜਾਏ ਤਾਂ ਉਸੇ ਉਪਰ ਹੀ ਅਮਰ ਨਾਥ ਜਾਵਾਂ। ਪਹਿਲੇ ਦਿਨ ਸ਼ਾਮੀ ਬਾਲ-ਤਾਲ ਵਿਚ ਘੁਮਦਿਆਂ ਫਿਰਦਿਆਂ ਕਈ ਘੋੜਿਆਂ ਵਾਲਿਆਂ ਨਾਲ ਗੱਲ ਕੀਤੀ ਸੀ ਪਰ ਕੋਈ ਵੀ ਇਕ ਘੋੜੇ ਉਪਰ ਮੈਨੂੰ ਲਿਜਾਣ ਲਈ ਤਿਆਰ ਨਹੀਂ ਸੀ। ਹਰ ਕੋਈ ਕਹਿੰਦਾ, "ਤੁਹਾਨੂੰ ਦੋ ਘੋੜੇ ਕਰਨੇ ਪੈਣਗੇ।"

ਮੈਂ ਹੱਸਕੇ ਪੁੱਛਦਾ, "ਇਕ ਇਕ ਲੱਤ ਦੋਹਾਂ ਘੋੜਿਆਂ ਤੇ ਰੱਖਾਂਗਾ?"

ਸੁਣ ਕੇ ਉਹ ਵੀ ਹੱਸ ਪੈਂਦੇ ਤੇ ਕਹਿੰਦੇ, "ਇਕ ਇਕ ਘੰਟੇ ਬਾਅਦ ਘੋੜਾ ਬਦਲਣਾ ਪਏਗਾ—ਵਾਰੀ ਵਾਰੀ। ਇਕੱਲਾ ਘੋੜਾ ਤੁਹਾਨੂੰ ਚੁਕ ਕੇ ਅਮਰ ਨਾਥ ਨਹੀਂ ਪਹੁੰਚ ਸਕਦਾ।"

ਸਵੇਰੇ ਤੁਰਨ ਵੇਲੇ ਫਿਰ ਏਹੋ ਰੇੜਕਾ ਸੀ। ਮੈਂ ਦੋ ਘੋੜਿਆਂ ਦਾ ਢਾਈ ਸੌ ਰੁਪਇਆ ਦੇਣ ਲਈ ਤਿਆਰ ਨਹੀਂ ਸਾਂ। ਚਾਹੁੰਦਾ ਸਾਂ ਕਿ ਇਕੋ ਘੋੜਾ ਹੋਵੇ ਤੇ ਉਹ ਵੀ ਸਿਰਫ ਜਾਣ ਜਾਣ ਲਈ—ਸੱਠ ਬਾਹਠ ਰੁਪਏ ਭਾੜੇ ਤੇ। ਅਖੀਰ ਇਹੋ ਫੈਸਲਾ ਹੋਇਆ ਕਿ ਪੈਦਲ ਹੀ ਚਲਿਆ ਜਾਵੇ। ਸੋ


Sri Satguru Jagjit Singh Ji eLibrary NamdhariElibrary@gmail.com

ਪਠੂ ਪਿਠ ਤੇ ਲੱਦੇ ਤੇ ਚਲ ਪਏ। ਥੋੜ੍ਹੀ ਕੁ ਦੂਰ ਹੀ ਇਕ
ਂਬੂ ਵਿਚ ਪੁਲਿਸ ਚੌਕੀ ਮਿਲੀ। ਉਸ ਦੇ ਕੋਲ ਹੀ ਕਈ
ਾਰੇ ਘੋੜੇ ਖੜੇ ਸਨ। ਪੁਲਿਸ ਵਾਲੇ ਮੁਸਾਫਿਰਾਂ ਨੂੰ ਘੋੜੇ
ਰਕੇ ਦੇ ਰਹੇ ਸਨ। ਇਕ ਘੋੜੇ ਵਾਲੇ ਨੇ ਮੈਨੂੰ ਉਰਿਓਂ
ੀ ਘੇਰ ਕੇ ਪੁਛਿਆ, "ਦਸੋ ਕੀ ਦਿਓਗੇ ਇਕ ਘੋੜੇ
ਾ ?"

"ਸੱਠ ਨਹੀਂ, ਸੱਤਰ ਰੁਪਏ ਦਿਆਂਗਾ ਸਿਰਫ ਜਾਣ
ਾਣ ਦੇ—ਬੱਸ ਇਕੋ ਗੱਲ।"

"ਇਕ ਹੈਲਪਰ ਵੀ ਕਰਨਾ ਪਏਗਾ, ਜਿਹੜਾ ਤੁਹਾਨੂੰ
ੜ ਕੇ ਵੀ ਰੱਖੇ ਤੇ ਤੁਹਾਡਾ ਸਮਾਨ ਵੀ ਚੁੱਕੇ।"

"ਨਾ, ਹੈਲਪ ਮੈਂ ਆਪਣੀ ਆਪੇ ਕਰ ਲਾਂਗਾ ਤੇ
ਮਾਨ ਮੇਰੀ ਪਿਠ ਤੇ ਹੀ ਟਿਕਿਆ ਰਵ੍ਹੇਗਾ।"

"ਪਰ ਮੈਂ ਸਾਮਾਨ ਦਾ ਭਾਰ ਘੋੜੇ ਉਤੇ ਨਹੀਂ
ੱਦਣਾ, ਪਹਿਲਾਂ ਈ ਤੁਹਾਡਾ ਭਾਰ ਬਹੁਤ ਏ।"

"ਤਾਂ ਫਿਰ ਸਾਮਾਨ ਤੂੰ ਚੁਕ ਲੈ। ਰੁਪਏ ਮੈਂ ਸੱਤਰ
ੀ ਦਿਆਂਗਾ।"

ਅੰਤ ਨੂੰ ਉਹ ਮੰਨ ਗਿਆ। ਸਾਮਾਨ ਉਸ ਨੇ ਆਪ
ਕ ਲਿਆ ਤੇ ਮੈਨੂੰ ਘੋੜੇ ਉਪਰ ਬਿਠਾ ਦਿੱਤਾ। ਮੇਰੇ ਸਾਥੀ
: ਮਨਜੀਤ ਤੇ ਰਾਮ ਕ੍ਰਿਸ਼ਣ ਪੈਦਲ ਚੱਲ ਪਏ।

ਅਜੇ ਥੋੜ੍ਹੀ ਕੁ ਦੂਰ ਹੀ ਗਏ ਸਾਂ ਕਿ ਅੱਗੇ ਦੋ ਘੋੜਿਆਂ
ਲੇ ਖੜੇ ਮਿਲੇ। ਉਹਨਾਂ ਨੇ ਕਿਹਾ, ਆਪਣੇ ਸਾਥੀ
ਕਟਰਾਂ ਨੂੰ ਵੀ ਘੋੜੇ ਕਰਵਾ ਦਿਓ ਨਾ!"

"ਨਹੀਂ, ਇਹ ਜਵਾਨ ਜਹਾਨ ਨੇ—ਪੈਦਲ ਹੀ
ਣਗੇ।" ਕਹਿ ਕੇ ਮੈਂ ਅਗਾਂਹ ਹੋ ਗਿਆ।

ਕਲ੍ਹ ਸ਼ਾਮੀ ਜਦੋਂ ਅਸੀਂ ਘੁੰਮਦੇ ਘੁਮਾਂਦੇ ਘੋੜਾ ਭਾੜੇ
ਕਰਨ ਲਈ ਬਕਰਵਾਨਾਂ ਦੇ ਇਕ ਡੇਰੇ ਵਿਚ ਜਾ ਪਹੁੰਚੇ
ਉਦੋਂ ਇਹਨਾਂ ਵਿਚੋਂ ਇਕ ਨੇ ਮੈਨੂੰ ਇਕਲੇ ਨੂੰ ਦੋ ਘੋੜੇ
ਨ ਲਈ ਆਖਿਆ ਸੀ। ਚਾਹ ਪਿਆਣ ਲਈ ਵੀ ਜ਼ੋਰ
ਗਾਇਆ ਸੀ। ਫਿਰ ਜਦੋਂ ਉਸ ਨੂੰ ਗੱਲਾਂਬਾਤਾਂ ਵਿਚ ਪਤਾ
ਗਾ ਕਿ ਅਸੀਂ ਦਿੱਲੀ ਵਿਚ ਡਾਕਟਰੀ ਕਰਦੇ ਤਾਂ ਉਹਨੇ
ਵਾਈ ਲੈਣ ਲਈ ਸਾਰਾ ਟੱਬਰ ਲਾਈਨ ਵਿਚ ਖਲਿਆਰ
ੱਤਾ ਸੀ। ਕਿਸੇ ਨੂੰ ਤੇਜ਼ ਬੁਖਾਰ ਸੀ, ਕਿਸੇ ਦਾ ਸਾਹ
ਣਦਾ ਸੀ ਤੇ ਕਿਸੇ ਦਾ ਪੇਟ ਖਰਾਬ। ਅਸਾਂ ਦਵਾਈ ਦੀਆਂ
ਗੋਲੀਆਂ, ਜੇਬ ਵਿਚੋਂ ਕੱਢ ਕੇ ਉਹਨਾਂ ਨੂੰ
ੱਤੀਆਂ ਤੇ ਡੇਰੇ ਦੇ ਪਿਛੇ ਵਗਦੀ ਅਮਰ ਨਾਥ ਵਲੋਂ
ਉਂਦੀ ਨਦੀ ਦੇ ਕੰਢੇ ਜਾ ਬੈਠੇ। ਅੱਧੇ ਕੁ ਘੰਟੇ ਬਾਅਦ
ਕੇ ਜਦੋਂ ਤੰਬੂਆਂ ਵੱਲ ਆ ਰਹੇ ਸਾਂ ਤਾਂ ਦੂਰੋਂ ਹੀ ਇਕ
ੜੇ ਵਾਲੇ ਨੂੰ ਰਸਤੇ ਵਿਚ ਇਕ ਪੱਥਰ ਤੇ ਬੈਠਿਆਂ ਵੇਖਿਆ।
ਦੇ ਹੱਥ ਵਿਚ ਘਾਹ ਚਰਦੇ ਘੋੜੇ ਦੀ ਲਗਾਮ ਸੀ ਤੇ

ਉਹ ਆਪ ਇਕ ਟਕ ਸਾਡੇ ਵੱਲ ਵੇਖ ਰਿਹਾ ਸੀ। ਘਾਹ ਦਾ ਮੈਦਾਨ, ਨਦੀ ਦਾ ਗਵਾਂਢ ਤੇ ਝੂਮ ਝੂਮ ਗਾਉਂਦੇ ਬਿਰਛਾਂ ਦੇ ਉਸ ਚੌਗਿਰਦੇ ਵਿਚ ਮੈਨੂੰ ਉਹ ਇਕ ਖੂਬਸੂਰਤ ਬੁੱਤ ਵਾਂਗ ਲੱਗਾ। ਮੈਂ ਉਸਦੀ ਫੋਟੋ ਲੈਣ ਲਈ ਜਿਉਂ ਹੀ ਕੈਮਰਾ ਉਪਰ ਕੀਤਾ—ਉਹ ਉਠ ਖਲੋਣ ਲਗਾ। ਮੈਂ ਛੇਤੀ ਨਾਲ ਕਿਹਾ—"ਉਠੀਂ ਨਾ, ਉਠੀਂ ਨਾ, ਇੰਜ ਈ ਬੈਠਾ ਰਹੁ।" ਉਹ ਜਿਉਂ ਦਾ ਤਿਉਂ ਬਹਿ ਗਿਆ। ਫੋਟੋ ਲੈ ਕੇ ਅਸੀਂ ਉਹਦੇ ਕੋਲ ਗਏ ਤਾਂ ਉਹ ਤਰਲੇ ਜਿਹੇ ਨਾਲ ਬੋਲਿਆ, "ਮੈਂ ਬੜੇ ਚਿਰ ਦਾ ਤੁਹਾਨੂੰ ਉਡੀਕ ਰਿਹਾ ਵਾਂ। ਮੇਰਾ ਸਾਰਾ ਬਦਨ ਦੁਖ ਰਿਹਾ ਏ, ਖਾਂਸੀ ਤੇ ਬੁਖਾਰ ਏ—ਮੈਨੂੰ ਦਵਾਈ ਦਿਓ।"

ਵੇਖਿਆ, ਉਸ ਦਾ ਪਿੰਡਾ ਭੱਠੀ ਵਾਂਗ ਤਪ ਰਿਹਾ ਸੀ ਤੇ ਅੱਖਾਂ ਇਕਦਮ ਪੀਲੀਆਂ। ਮੈਂ ਕਿਹਾ—"ਤੂੰ ਤੇ ਬਹੁਤ ਬੀਮਾਰ ਏਂ, ਤੇਰਾ ਜਿਗਰ......ਤੈਨੂੰ ਤੇ ਪੀਲੀਆ ਹੋ ਰਿਹਾ ਏ, ਤੂੰ ਆਪਣਾ ਇਲਾਜ ਕਰਵਾ ਕਿਸੇ ਡਾਕਟਰ ਕੋਲੋਂ।"

"ਮੈਨੂੰ ਤੁਸੀਂ ਹੀ ਦਵਾਈ ਦਿਓ ਡਾਕਟਰ ਸਾਹਿਬ। ਮੈਨੂੰ ਪਤਾ ਲਗਾ ਏ ਤੁਸੀਂ ਵਡੇ ਡਾਕਟਰ ਓ ਦਿੱਲੀ ਵਿਚ।"

ਮੈਂ ਡਾ: ਮਨਜੀਤ ਵੱਲ ਵੇਖ ਕੇ ਕਿਹਾ, "ਸੰਭਾਲੋ ਹੁਣ ਇਹਨੂੰ! ਪਰ ਏਥੇ ਇਹਦਾ ਕੀ ਹੋ ਸਕਦਾ ਏ?"

"ਸਾਡੇ ਕੋਲ ਤੇ ਦਵਾਈਆਂ ਈ ਦੋ ਚਾਰ ਕਿਸਮ ਦੀਆਂ ਨੇ ਆਪਣੇ ਸਫ਼ਰ ਵਾਲੀਆਂ। ਐਸ ਵੇਲੇ ਇਸ ਹਾਲਤ ਵਿਚ ਅਸੀਂ ਕੀ ਕਰ ਸਕਦੇ ਆਂ। ਬੁਖ਼ਾਰ ਵਾਸਤੇ ਗੋਲੀਆਂ ਦੇ ਦੇਨੇ ਆਂ।" ਕਹਿ ਕੇ ਡਾ: ਮਨਜੀਤ ਅਜੇ ਗੋਲੀਆਂ ਕੱਢ ਹੀ ਰਹੇ ਸਨ ਜੇਬ ਵਿਚੋਂ ਕਿ ਦੌੜਦੇ ਦੌੜਦੇ ਹੋਰ ਕਈ ਤੀਂਵੀਆਂ-ਮਰਦ ਉਥੇ ਆਣ ਪਹੁੰਚੇ। ਇਹ ਸਾਰੇ ਘੋੜਿਆਂ ਵਾਲੇ ਬਕਰਵਾਨ ਤੇ ਉਹਨਾਂ ਦੀਆਂ ਤ੍ਰੀਮਤਾਂ ਸਨ। ਹਰ ਕੋਈ ਬੀਮਾਰ ਸੀ—ਸਚਮੁਚ ਬੀਮਾਰ। ਹਰ ਕਿਸੇ ਦੀ ਮੰਗ ਸੀ, "ਮੈਨੂੰ ਦਵਾਈ ਦਿਓ।"

ਰਾਮ ਕ੍ਰਿਸ਼ਣ ਕਹਿਣ ਲਗਾ, "ਮੇਰੇ ਥੈਲੇ ਵਿਚ ਦਵਾਈਆਂ ਦੀ ਕਿਟ ਹੈ ਵੇ, ਉਥੇ ਚੱਲ ਕੇ ਉਹਦੇ ਵਿਚੋਂ ਵੇਖ ਕੇ ਇਹਨਾਂ ਨੂੰ ਦਵਾਈ ਦੇ ਦਿਓ।" ਪਰ ਉਹ ਕਹਿੰਦੇ, ਤੰਬੂਆਂ ਨੇੜੇ ਸਾਨੂੰ ਨਹੀਂ ਜਾਣ ਦੇਂਦੇ। ਮਾਰ ਮਾਰ ਕੇ ਭਜਾ ਦੇਂਦੇ ਨੇ। ਤੁਸੀਂ ਸਾਨੂੰ ਐਥੇ ਈ ਦਵਾਈ ਲਿਆ ਦਿਓ।"

"ਕਿਉਂ, ਮਾਰਦੇ ਕਿਉਂ ਨੇ?"

ਉਨ੍ਹਾਂ ਨੇ ਕੋਈ ਜਵਾਬ ਨਾ ਦਿੱਤਾ, ਬਸ ਚੁਪ ਨਜ਼ਰਾਂ ਨਾਲ ਸਾਡੇ ਵੱਲ ਵੇਖਦੇ ਰਹੇ। ਰਾਮ ਕ੍ਰਿਸ਼ਣ ਦਵਾਈਆਂ ਲੈ ਆਇਆ ਤੇ ਡਾ: ਮਨਜੀਤ ਨੇ ਉਹਨਾਂ ਨੂੰ ਦੋ ਦੋ ਚਾਰ ਚਾਰ ਗੋਲੀਆਂ ਦੇ ਕੇ ਵਰਚਾਇਆ ਅਤੇ ਮੈਨੂੰ ਕਿਹਾ, "ਏਥੋਂ ਨਿਕਲ ਚੱਲੋ। ਇਹ ਸਾਰੇ ਡੇਰੇ ਹੀ ਬੀਮਾਰ ਨੇ, ਇਹਨਾਂ ਨੇ

Sri Satguru Jagjit Singh Ji eLibrary NamdhariElibrary@gmail.com

ਤੁਰੇ ਹੀ ਆਉਣਾ ਏ ਤੇ ਸਾਡੇ ਕੋਲ ਏਨੀਆਂ ਦਵਾਈਆਂ ਹੈ ਨਹੀਂ ।"

ਸੋਨ ਮਰਗ ਲੰਘ ਕੇ ਅਮਰ ਨਾਥ ਨਾਲ ਲਗਦੇ ਸਾਰੇ ਇਲਾਕੇ ਵਿਚ ਜੇ ਕੋਈ ਵੱਸੋਂ ਹੈ ਤਾਂ ਘੋੜਿਆਂ ਵਾਲੇ ਇਹਨਾਂ ਬਕਰਵਾਨਾ ਦੀ ਹੀ ਜਿਹੜੇ ਗਰਮੀਆਂ ਵਿਚ ਜੰਮੂ ਦੇ ਇਲਾਕੇ ਵਿਚੋਂ ਆਪਣੀਆਂ ਭੇਡਾਂ-ਬਕਰੀਆਂ ਨੂੰ ਚਾਰਨ ਲਈ ਏਧਰ ਘਾਹ ਦੇ ਮੈਦਾਨਾਂ ਤੇ ਪਹਾੜ ਦੀਆਂ ਢਲਾਣ ਉਪਰ ਲੈ ਆਉਂਦੇ ਨੇ । ਬਰਫਾਂ ਪੰਘਰਨ ਅਤੇ ਰਸਤੇ ਕੁਝ ਖੁਲ੍ਹਣ ਤੇ ਉਨ੍ਹਾਂ ਰਾਹਾਂ ਨੂੰ ਇਹੋ 'ਅਸ਼ਰਫੁਲ ਮਖ਼ਲੂਕਾਤ' 'ਇਸ ਜਗ ਦੇ ਸਿਕਦਾਰ—ਬਕਰਵਾਨਾਂ ਦੇ ਰੂਪ ਵਿਚ ਇਨਸਾਨੀ ਕਦਮਾਂ ਦੀ ਪਹਿਲੀ ਛੋਹ ਦੇਂਦੇ ਨੇ—ਜਿਨ੍ਹਾਂ ਰਾਹਾਂ ਤੇ ਸਾਰਾ ਸਾਲ ਇਨਸਾਨੀ ਪਰਛਾਵਾਂ ਤਕ ਨਹੀਂ ਪਿਆ ਹੁੰਦਾ । ਇਹ ਕਦਮ ਇਨ੍ਹਾਂ ਬਕਰਵਾਨ੍ਹਾ ਦੀ ਹੀ ਜਾਤ ਦੇ, ਇਨ੍ਹਾਂ ਦੇ ਹੀ ਕਿਸੇ ਵਡ ਵਡੇਰੇ ਪੁਰਖੇ ਦੇ ਵੀ ਸਨ—ਜਿਸ ਨੇ ਕੋਈ ਦੋ ਸੌ ਸਾਲ ਪਹਿਲਾਂ ਅਮਰ ਨਾਥ ਦੀ ਗੁਫਾ ਲੱਭ ਕੇ ਆਧੁਨਿਕ ਸੰਸਾਰ ਦੇ ਸਾਹਮਣੇ ਉਸ ਨੂੰ ਉਜਾਗਰ ਕੀਤਾ ਸੀ । ਉਹ ਚਰਵਾਹਾ ਅਮਰ ਨਾਥ ਦੀ ਗੁਫਾ ਦੇ ਨਾਲ ਦੇ ਪਹਾੜ ਤੋਂ ਪਾਰ ਭੇਡਾਂ ਚਾਰਦਾ ਹੁੰਦਾ ਸੀ । ਇਕ ਦਿਨ ਉਸ ਦੀਆਂ ਕੁਝ ਭੇਡਾਂ ਵਾਪਸ ਨਹੀਂ ਸਨ ਆਈਆਂ ਤੇ ਉਹ ਅਗਲੇ ਦਿਨ ਉਹਨਾਂ ਨੂੰ ਲਭਦਾ ਲਭਦਾ ਪਹਾੜੋਂ ਪਾਰ ਉਸ ਗੁਫਾ ਕੋਲ ਜਾ ਨਿਕਲਿਆ ਜਿਸ ਨੂੰ ਅਮਰ ਨਾਥ ਗੁਫਾ ਦਾ ਨਾਮ ਦਿਤਾ ਗਿਆ ਹੈ । ਉਸ ਚਰਵਾਹੇ ਨੇ ਉਹ ਗੁਫਾ, ਉਸ ਵਿਚ ਬਰਫ਼ ਦਾ ਸ਼ਿਵਲਿੰਗ ਤੇ ਕਬੂਤਰ ਕਬੂਤਰੀ ਦੀ ਇਕ ਜੋੜੀ ਵੇਖੀ ਤੇ ਅਸਚਰਜ ਨਾਲ ਮਟਨ ਦੇ ਪੰਡਿਤਾਂ ਨੂੰ ਉਹਨਾਂ ਬਾਰੇ ਜਾ ਕੇ ਦਸਿਆ । ਓਦੋਂ ਤਕ ਉਹ ਪੰਡਿਤ ਲੋਗ ਇਸ ਗੁਫਾ ਬਾਰੇ ਕੁਝ ਨਹੀਂ ਸਨ ਜਾਣਦੇ । ਉਹ ਉਸੇ ਚਰਵਾਹੇ ਨੂੰ ਨਾਲ ਲੈ ਕੇ ਗੁਫਾ ਤਕ ਗਏ ਤੇ ਉਸ ਤੋਂ ਬਾਅਦ ਉਹਨਾਂ ਨੇ ਉਥੇ ਸ਼ਿਵਲਿੰਗ ਦੀ ਪੂਜਾ ਆਰੰਭ ਕੀਤੀ । ਸ਼ਰਧਾਲੂ ਲੋਕਾਂ ਨੇ ਗੁਫਾ ਦੀ ਯਾਤਰਾ ਸ਼ੁਰੂ ਕਰ ਦਿਤੀ ਤੇ ਇਹਨਾਂ ਬਕਰਵਾਨਾਂ ਦੇ ਉਸੇ ਪੁਰਖੇ ਦੇ ਵਾਰਸ ਸ਼ਰਧਾਲੂ ਤੀਰਥ ਯਾਤਰੀਆਂ ਦੇ ਰਾਹਬਰ ਬਣਕੇ ਉਹਨਾਂ ਨੂੰ ਅੱਜ ਵੀ ਘੋੜਿਆਂ ਤੇ ਡਾਂਡੀਆਂ ਤੇ ਬਿਠਾ ਕੇ ਅਮਰ ਨਾਥ ਦੀ ਉਸ ਗੁਫਾ ਤਕ ਲੈ ਜਾਂਦੇ ਤੇ ਦਰਸ਼ਨ ਕਰਵਾ ਲਿਆਉਂਦੇ ਨੇ ।

'ਜੰਨਤੇ ਕਾਸ਼ਮੀਰ ਬੇਨਜ਼ੀਰ' ਮੈਦਾਨੀ ਦੁਨੀਆਂ ਵਿਚੋਂ ਆਉਂਦੇ ਸਾਡੇ ਵਰਗੇ ਸੈਲਾਨੀਆਂ ਲਈ ਬੇਸ਼ਕ ਭੂ-ਸਵਰਗ ਹੈ ਪਰ ਇਹਨਾਂ ਕਸ਼ਮੀਰ ਦੇ ਜਾਇਆਂ ਲਈ—ਜਿਹਨਾਂ ਦੇ ਮਨਮੋਹਕ ਨੈਣ—ਨਕਸ਼ਾਂ, ਦਰਦਮੰਦ ਦਿਲਾਂ ਤੇ ਪਹਾੜੀ ਚਟਾਨਾਂ ਵਰਗੇ ਸਖਤ ਜਿਸਮਾਂ ਨੂੰ ਰੱਬ ਨੇ ਆਪ ਵੇਹਲਿਆਂ ਬਹਿ ਕੇ ਘੜਿਆ ਲਗਦਾ ਏ—ਬੀਮਾਰੀ ਵੇਲੇ ਦਵਾਈ, ਭੁੱਖ ਵੇਲੇ ਰੱਜ ਦੀ ਰੋਟੀ, ਪਹਿਨਣ ਵੇਲੇ ਸਾਬਤ-ਸਬੂਤ ਪਹਿਰਨ ਵੀ ਸੁਪਨੇ ਵਰਗੀ ਗੱਲ ਹੀ ਏ ।

ਇਹਨਾਂ ਘੋੜਿਆਂ ਵਾਲਿਆਂ ਦਾ ਅੱਜ ਸਵੇਰੇ ਕਿਸੇ ਸਵਾਰੀ ਨਾਲ ਸੌਦਾ ਨਹੀਂ ਸੀ ਤੈਅ ਹੋ ਸਕਿਆ ਤੇ ਹੁਣ ਇਹ ਰਾਹ ਵਿਚ ਜਾ ਕੇ ਖਲੋ ਰਹੇ ਸਨ । ਬਾਲਤਾਲ ਤੋਂ ਇਕਦਮ ਖੜੀ ਤਿੱਖੀ ਚੜ੍ਹਾਈ ਸ਼ੁਰੂ ਹੋ ਜਾਂਦੀ ਏ ਪਹਾੜ ਦੀ । ਕੁਝ ਲੋਕ ਇਕ ਅੱਧ ਕਿਲੋਮੀਟਰ ਤਕ ਚੜ੍ਹਾਈ ਚੜ੍ਹ ਕੇ ਸਮਝ ਜਾਂਦੇ ਨੇ ਕਿ ਇਹ ਸਫਰ ਪੈਦਲ ਉਹਨਾਂ ਦੇ ਵੱਸ ਦਾ ਨਹੀਂ । ਘੋੜਿਆਂ ਵਾਲੇ ਇਹ ਗੱਲ ਜਾਣਦੇ ਨੇ, ਇਸ ਲਈ ਇਹ ਇਹੋ ਜਿਹੀਆਂ ਥਾਵਾਂ ਤੇ ਪਹਿਲਾਂ ਹੀ ਜਾ ਕੇ ਖਲੋ ਰਹਿੰਦੇ ਨੇ ਜਿਥੋਂ ਦਮ ਛੱਡੇ ਮੁਸਾਫਿਰ ਕਿਸੇ ਵੀ ਕੀਮਤ ਉਤੇ ਘੋੜਾ ਕਰ ਲੈਂਦੇ ਨੇ ।

ਏਥੇ ਪ੍ਰਕ੍ਰਿਤੀ ਆਪਣੇ ਅਨੋਖੇ ਰੰਗ ਵਿਚ ਸੀ । ਸੌੜੀ ਤੇ ਕਿਤੇ ਅਤਿ ਸੌੜੀ ਪਗਡੰਡੀ ਉਪਰ ਘੋੜੇ ਦੀ ਲਗਾਮ ਫੜੀ ਰਹਿਮਤ ਅਲੀ ਚੜ੍ਹਾਈ ਚੜ੍ਹ ਰਿਹਾ ਸੀ ਤੇ ਪਿੱਛੇ ਪਿੱਛੇ—ਉਸਦੇ ਪੈਰ ਚਿੰਨ੍ਹਾਂ ਉਪਰ ਪੈਰ ਧਰਦਾ ਘੋੜਾ । ਦੋਵੇਂ ਹੀ ਹਫ਼ ਰਹੇ ਸਨ । ਮੈਂ ਸੱਜੇ ਪਾਸੇ ਦੀਆਂ ਨਜ਼ਰਾਂ ਦੀ ਹੱਦ ਤੋਂ ਵੀ ਡੂੰਘੀਆਂ ਖੱਡਾਂ-ਖਾਈਆਂ ਵੱਲੋਂ ਬੇਪਰਵਾਹ ਖਾਈਓਂ ਪਾਰ ਦੇ ਪਹਾੜਾਂ ਦੀਆਂ ਚੋਟੀਆਂ ਵੱਲ ਲਲਚਾਈਆਂ ਨਜ਼ਰਾਂ ਨਾਲ ਤਕਦਾ ਘੋੜੇ ਉਪਰ ਬੈਠਾ ਉੱਚੇ ਤੋਂ ਉੱਚਾ ਚੜ੍ਹਦਾ ਜਾ ਰਿਹਾ ਸਾਂ । ਪਹਿਲਾਂ ਲੰਮੇ ਸੰਘਣੇ ਚੀਲ ਤੇ ਦੇਵਦਾਰ ਦੇ ਬਿਰਛ ਦਿੱਸਦੇ ਸਨ, ਫਿਰ ਉਹ ਹੌਲੀ ਹੌਲੀ ਛੋਟੇ ਬਿਰਛਾਂ ਦਾ ਆਕਾਰ ਧਾਰਦੇ ਹੋਏ ਅਲੋਪ ਹੋ ਗਏ ਤੇ ਉਨ੍ਹਾਂ ਦੀ ਥਾਂ ਪਰਬਤ ਦੀਆਂ ਢਲਾਣਾਂ ਉਪਰ ਵਿਛੀ ਹੋਈ ਹਰਿਆਲੀ ਨੇ ਲੈ ਲਈ । ਫਿਰ ਉਹ ਹਰਿਆਵਲ ਵੀ ਨਾ ਰਹੀ—ਉਸ ਦੀ ਥਾਂ ਬਰਫ਼ ਨੇ ਲੈ ਲਈ । ਪਰਬਤ ਚੋਟੀਆਂ ਉਪਰ ਬਰਫ਼ ਸੀ । ਦੋ ਪਹਾੜੀ ਚੋਟੀਆਂ ਦੇ ਵਿਚਕਾਰ ਖਾਲੀ ਥਾਵਾਂ ਤੇ ਬਰਫ਼ ਦੀ ਚਾਦਰ ਵਾਂਗ ਵਿਛੇ ਗਲੇਸ਼ੀਅਰ ਸਨ । ਪਰਬਤਾਂ ਦੇ ਸੀਨੇ ਵਿਚੋਂ ਨਿਕਲਦੇ ਝਰਣਿਆਂ ਦਾ ਸੰਗੀਤ ਸੀ ਤੇ ਹੇਠਾਂ ਅਥਾਹ ਡੂੰਘਾਈਆਂ ਵਾਲੀਆਂ ਖੱਡਾਂ-ਖਾਈਆਂ ਵਿਚੋਂ ਦੀ ਲੰਘਦੀ ਨਦੀ ਦੀ ਧਾਰਾ । ਕਲ੍ਹ ਜਿਸ ਵੇਲੇ ਮੈਂ ਘੋੜੇ ਬਾਰੇ ਪੁੱਛ ਗਿਛ ਕਰ ਰਿਹਾ ਸਾਂ, ਓਦੋਂ ਇਕ ਅਨੁਭਵੀ ਯਾਤ੍ਰੀ ਨੇ ਮੈਨੂੰ ਪੁਛਿਆ ਸੀ—"ਤੁਹਾਨੂੰ ਕਦੇ ਬਲਡ ਪ੍ਰੈਸ਼ਰ ਤਾਂ ਨਹੀਂ ਹੋਇਆ ?"

"ਨਹੀਂ ।"

"ਦਿਲ ਦਾ ਦੌਰਾ ਕਦੀ ਪਿਆ ਏ ?"

"ਨਹੀਂ ।"

"ਤਾਂ ਫਿਰ ਤੁਸੀਂ ਘੋੜਾ ਬੇਸ਼ਕ ਕਰ ਲਓ । ਇਸ ਪਾਸੇ ਰਸਤਾ ਏਨਾ ਤੰਗ, ਖ਼ਤਰਨਾਕ ਤੇ ਤਿਲਕਣਾ ਏ ਕਿ



Sri Satguru Jagjit Singh Ji eLibrary NamdhariElibrary@gmail.com

ਘੋੜੇ ਦੇ ਪੈਰ ਵੀ ਕਈ ਥਾਈਂ ਰੱਖਣ ਜੋਗੀ ਥਾਂ ਨਹੀਂ ਹੁੰਦੀ ਤੇ ਖਾਈਆਂ ਏਨੀਆਂ ਡੂੰਘੀਆਂ ਨੇ ਕਿ ਹੇਠਾਂ ਨਜ਼ਰ ਜਾਂਦਿਆਂ ਈ ਸਿਰ ਨੂੰ ਚੱਕਰ ਆ ਜਾਂਦਾ ਏ। ਅਜੇ ਹੁਣੇ ਹੁਣੇ ਈ ਇਕ ਆਦਮੀ ਨੂੰ ਬੇਹੋਸ਼ੀ ਦੀ ਹਾਲਤ ਵਿਚ ਉਸਦੇ ਸਾਥੀ ਚੁਕ ਕੇ ਲਿਆਏ ਨੇ—ਬਸ, ਚੱਕਰ ਖਾ ਗਿਆ ਸੀ। ਕਈਆਂ ਦਾ ਦਿਲ ਬਸ 'ਧੱਕਾ' ਕਰਕੇ ਖਲੋ ਜਾਂਦਾ ਏ ਤੇ ਉਹ ਘੋੜੇ ਤੇ ਬੈਠੇ ਬਿਠਾਏ ਡਿਗ ਪੈਂਦੇ ਨੇ। ਉਂਜ ਘੋੜਾ ਕਦੇ ਕਿਸੇ ਨੂੰ ਆਪ ਨਹੀਂ ਡੇਗਦਾ, ਖ਼ੁਦ ਬਚਦਾ ਏ ਤੇ ਸਵਾਰ ਨੂੰ ਬਚਾ ਕੇ ਲਧੀ ਜਾਂਦਾ ਏ। ਬੜੇ ਸਿਧਾਏ ਹੋਏ ਹੁੰਦੇ ਨੇ ਇਹ ਘੋੜੇ।''

ਮੈਂ ਵਿਚ ਵਿਚ ਰਹਿਮਤ ਅਲੀ ਨੂੰ ਇਕ ਦੋ ਮਿੰਟ ਲਈ ਘੋੜਾ ਖਲਿਆਰਨ ਲਈ ਆਖਦਾ ਤੇ ਚੜ੍ਹੇ ਚੜ੍ਹਾਏ ਹੀ ਕਿਸੇ ਦ੍ਰਿਸ਼ ਨੂੰ ਕੈਮਰੇ ਵਿਚ ਬੰਦ ਕਰ ਲੈਂਦਾ। ਇਸ ਤੇ ਰਹਿਮਤ ਅਲੀ ਨੇ ਸੋਚਦਿਆਂ ਸੋਚਦਿਆਂ ਮੈਨੂੰ ਪੁੱਛ ਹੀ, ਲਿਆ, ''ਤੁਸੀਂ ਪਹਿਲਾਂ ਘੋੜੇ ਉਤੇ ਬੈਠਦੇ ਰਹੇ ਓ ?''

''ਤੈਨੂੰ ਕੀ ਜਾਪਦੈ ?''

''ਤੁਹਾਨੂੰ ਘੋੜੇ ਉਪਰ ਬੈਠਣ ਲਗਿਆਂ ਰਕਾਬ ਵਿਚ ਪੈਰ ਧਰਕੇ ਪਲਾਕੀ ਜਿਹੀ ਮਾਰ ਕੇ ਘੋੜੇ ਦੀ ਪਿੱਠ ਤੇ ਬਹਿੰਦਿਆਂ ਵੇਖ ਕੇ ਲਗਾ ਸੀ ਕਿ ਤੁਸੀਂ ਪਹਿਲਾਂ ਵੀ ਘੋੜੇ ਦੀ ਸਵਾਰੀ ਕਰਦੇ ਰਹੇ ਓ। ਨਹੀਂ ਤਾਂ ਏਥੇ ਤੇ ਤੁਹਾਡੇ ਵਰਗੇ ਆਦਮੀ ਨੂੰ ਚਾਰ ਚਾਰ ਹੈਲਪਰ ਰਲਕੇ ਚੁੱਕ ਚੁੱਕ ਕੇ ਘੋੜੇ ਤੇ ਬਿਠਾਉਂਦੇ ਨੇ। ਫਿਰ ਇਕ-ਦੋ ਹੈਲਪਰ ਖਾਈ-ਖੱਡ ਵਾਲੇ ਪਾਸੇ ਨਾਲ ਨਾਲ ਤੁਰਦੇ ਉਸਨੂੰ ਫੜਕੇ ਵੀ ਰੱਖਦੇ ਨੇ। ਪਰ ਤੁਸੀਂ ਤੇ ਉਪਰ ਬੈਠੇ ਬੈਠੇ ਫੋਟੋਆਂ ਵੀ ਖਿੱਚੀ ਜਾਂਦੇ ਓ !''

''ਤੇਰਾਂ ਚੌਦਾਂ ਸਾਲਾਂ ਦਾ ਸਾਂ ਜਦੋਂ ਮੇਰੇ ਕੋਲ ਵੀ ਇਕ ਘੋੜਾ ਹੁੰਦਾ ਸੀ। ਅਛਾ ਤੇਰਾ ਘਰ ਕਿੱਥੇ ਐ ?''

''ਅਸੀਂ ਸਾਰੇ ਘੋੜਿਆਂ ਵਾਲੇ ਜੰਮੂ ਦੇ ਹੀ ਆਂ। ਭੇਡਾਂ ਬਕਰੀਆਂ ਚਾਰਕੇ ਗੁਜ਼ਾਰਾ ਕਰਦੇ ਆਂ। ਗਰਮੀਆਂ ਵਿਚ ਅਸੀਂ ਏਧਰ ਉਪਰਲੇ ਘਾਹ ਦੇ ਮੈਦਾਨਾਂ ਵਿਚ ਭੇਡਾਂ ਬਕਰੀਆਂ ਲੈ ਆਉਣੇ ਆਂ ਤੇ ਸਰਦੀਆਂ ਵਿਚ ਘਰੀਂ ਮੁੜ ਜਾਨੇ ਆਂ। ਘੋੜਿਆਂ ਉਤੇ ਆਪਣਾ ਘਰ ਦਾ ਸਾਮਾਨ ਲੱਦ ਲਿਆਉਣੇ ਆਂ ਤੇ ਐਹ ਇਕ ਮਹੀਨਾ ਅਸੀਂ ਇਨ੍ਹਾਂ ਘੋੜਿਆਂ ਉਪਰ ਮੁਸਾਫਰ ਢੋਨੇ ਆਂ।''

''ਇਹ ਮੁਸਾਫਿਰ ਅਮਰ ਨਾਥ ਕਿਉਂ ਜਾਂਦੇ ਨੇ ?''

''ਮੈਨੂੰ ਠੀਕ ਤੇ ਪਤਾ ਨਹੀਂ। ਏਨਾ ਸੁਣਿਆਂ ਏ ਕਿ ਸ਼ਿਵਜੀ ਨੇ ਅਮਰ ਨਾਥ ਵਾਲੀ ਗੁਫਾ ਵਿਚ ਪਾਰਬਤੀ ਨੂੰ 'ਅਮਰ' ਰਹਿਣ ਦਾ ਭੇਤ ਦੱਸਦਿਆਂ ਕੋਈ ਅਮਰ ਕਥਾ ਸੁਣਾਈ ਸੀ। ਪਰ ਪਾਰਬਤੀ ਕਥਾ ਸੁਣਦੀ ਸੁਣਦੀ ਸੌਂ ਗਈ ਸੀ। ਓਥੇ ਈ ਇਕ ਘੁਰਣੇ ਵਿਚ ਕਬੂਤਰ ਕਬੂਤਰੀ ਦਾ ਇਕ ਜੋੜਾ ਆਪਸ ਵਿਚ ਪਿਆਰ ਦੀ ਮੌਜ ਮਾਣ ਰਿਹਾ ਸੀ ਕਿ ਉਹ ਕਥਾ ਉਸਨੇ ਸੁਣ ਲਈ। ਜਦੋਂ ਪਾਰਬਤੀ ਜਾਗੀ ਤਾਂ ਉਸਨੇ ਸ਼ਿਵਜੀ ਨੂੰ ਅੱਗੋਂ ਕਥਾ ਸੁਣਾਨ ਲਈ ਆਖਿਆ। ਸ਼ਿਵਜੀ ਨੇ ਕਿਹਾ, ''ਮੈਂ ਤੇ ਸਾਰੀ ਕਥਾ ਸੁਣਾ ਚੁੱਕਾ ਹਾਂ।''

''ਪਰ ਮੈਨੂੰ ਤੇ ਸ਼ੁਰੂ ਵਿਚ ਈ ਨੀਂਦ ਆ ਗਈ ਸੀ।''

''ਫਿਰ ਹੁੰਗਾਰਾ ਕੌਣ ਦੇਂਦਾ ਰਿਹਾ ਸੀ ?'' ਆਖ ਕੇ ਸ਼ਿਵਜੀ ਨੇ ਸ਼ੱਕ ਨਾਲ ਚਾਰ ਚੁਫੇਰੇ ਵੇਖਦਿਆਂ ਤਾਂ ਕਬੂਤਰ ਕਬੂਤਰੀ ਦਾ ਜੋੜਾ ਦਿੱਸਿਆ। ਸ਼ਿਵਜੀ ਨੇ ਕਿਹਾ, ''ਉਹ ਅਮਰ ਕਥਾ ਤਾਂ ਇਨ੍ਹਾਂ ਨੇ ਸੁਣ ਲਈ ਏ ਤੇ ਇਹ ਅਮਰ ਵੀ ਹੋ ਗਏ ਨੇ। ਹੁਣ ਹਮੇਸ਼ਾ ਇਹ ਏਥੇ ਹੀ ਰਹਿਣਗੇ। ਜਿਨ੍ਹਾਂ ਨੂੰ ਇਸ ਜੋੜੇ ਦੇ ਦਰਸ਼ਨ ਹੋਣਗੇ ਉਹ ਵੀ ਅਮਰ ਹੋ ਜਾਣਗੇ।''

''ਤੈਨੂੰ ਕਦੇ ਉਹ ਕਬੂਤਰ ਕਬੂਤਰੀ ਦਿੱਸੇ ਨੇ ?'' ਮੈਂ ਰਹਿਮਤ ਅਲੀ ਨੂੰ ਪੁਛਿਆ।

''ਮੈਂ ਤੇ ਕਦੇ ਗੁਫਾ ਦੇ ਅੰਦਰ ਗਿਆ ਈ ਨਹੀਂ।''

''ਕਿਉਂ, ਤੇਰਾ ਅਮਰ ਹੋਣ ਨੂੰ ਜੀ ਨਹੀਂ ਕਰਦਾ ?''

''ਸਾਡੀ ਜ਼ਿੰਦਗੀ ਤੇ ਤੁਸੀਂ ਵੇਖ ਈ ਰਹੇ ਓ,—ਪਹਾੜ ਜੇਡੀ ਸਖ਼ਤ ਤੇ ਇਹਦੀਆਂ ਚੜ੍ਹਾਈਆਂ ਉਤਰਾਈਆਂ ਵਾਂਗ ਔਖੀ। ਇਸ ਜ਼ਿੰਦਗੀ ਨੂੰ ਲੰਮੀ ਕਰਨਾ ਜਾਂ ਦਾਇਮੀ ਬਣਾਉਣਾ !—ਕੀ ਸੁਖ ਏ ਇਸ ਜ਼ਿੰਦਗੀ ਵਿਚ !''

ਏਨੇ ਨੂੰ ਪਿਛੋਂ ਡਾਂਡੀਆਂ ਆ ਗਈਆਂ। ਦੋ ਮੋਟੇ ਵਾਂਸਾਂ ਦੇ ਵਿਚਕਾਰ ਬੱਧੀ ਹੋਈ ਇਕ ਕੁਰਸੀ ਨੂੰ ਏਧਰ 'ਡਾਂਡੀ' ਆਖਦੇ ਨੇ। ਕੁਰਸੀ ਉਪਰ ਕੋਈ ਬਿਰਧ ਔਰਤ ਜਾਂ ਕੋਈ ਮੋਟਾ ਤਗੜਾ ਸੇਠ ਬੈਠਦਾ ਹੈ। ਚਾਰ ਆਦਮੀ ਉਸ ਡਾਂਡੀ ਨੂੰ ਮੋਢਿਆਂ ਤੇ ਚੁਕ ਕੇ ਦੌੜਦੇ ਨੇ, ਦੋ ਜਾਂ ਚਾਰ ਆਦਮੀ ਹੋਰ ਨਾਲ ਰਹਿੰਦੇ ਨੇ ਜਿਹੜੇ ਡਾਂਡੀ ਚੁਕਣ ਦੀ ਵਾਰੀ ਦੇਂਦੇ ਨੇ। ਡੇਢ ਦੋ ਹਜ਼ਾਰ ਰੁਪਏ ਭਾੜਾ ਹੈ ਬਾਲਤਾਲ ਤੋਂ ਅਮਰ ਨਾਥ ਜਾਣ ਆਉਣ ਦਾ। ਮੈਂ ਹੁਣ ਤਕ ਘੋੜੇ ਤੇ ਉਸਦੇ ਮਾਲਿਕ ਰਹਿਮਤ ਅਲੀ ਨੂੰ ਪਹਾੜੀ ਰਾਹਾਂ ਨਾਲ ਜੂਝਦਿਆਂ ਵੇਖ ਵੇਖ ਹੀ ਸੋਚੀਂ ਪਿਆ ਹੋਇਆ ਸਾਂ ਕਿ ਉਪਰੋਂ ਐਹ ਡਾਂਡੀਆਂ ! ਬੜੀ ਮੁਸ਼ਕਲਿ ਨਾਲ ਕਿਤੇ ਇਕ ਪੈਰ ਤੇ ਕਿਤੇ ਦੋ ਪੈਰ ਧਰਨ ਦੀ ਸਿੱਧ ਪੱਧਰੀ ਥਾਂ ਵੀ ਨਾ ਦੇਣ ਵਾਲੀ ਪਗਡੰਡੀ ਉਪਰ ਚਾਰ ਚਾਰ ਆਦਮੀਆਂ ਦਾ ਇਕ ਵਿਅਕਤੀ ਨੂੰ ਮੋਢਿਆਂ ਤੇ ਚੁਕ ਕੇ ਢੋਂਦਿਆਂ ਹੋਇਆਂ ਪਹਾੜ ਦੀ ਚੋਟੀ ਉਪਰ ਚੜ੍ਹਨਾ ਤੇ ਫਿਰ ਖਾਈਆਂ ਵਿਚ ਉਤਰਨਾ !—ਇਨ੍ਹਾਂ ਮਨੁੱਖਾਂ ਤੇ ਇਨ੍ਹਾਂ ਘੋੜਿਆਂ ਦੀ ਜੂਨ ਵਿਚ ਫਰਕ ਹੀ ਕੀ ਏ ? ਸ਼ਾਇਦ ਪਿਛਲੇ ਜਨਮਾਂ ਦੇ ਕਰਮਾਂ ਦਾ ਹੀ ਕੋਈ ਹਿਸਾਬ ਚੁਕਾ ਰਹੇ ਨੇ ਇਹ ਲੋਕ ! ਅਤੇ ਜਿਨ੍ਹਾਂ


Sri Satguru Jagjit Singh Ji eLibrary NamdhariElibrary@gmail.com

ਨੂੰ ਆਪਣੇ ਮੋਢਿਆਂ ਉਪਰ ਢੋ ਕੇ ਇਹ ਅਮਰ ਨਾਥ ਲੈ ਜਾਂਦੇ ਨੇ ! ਉਹ ਕਿਉਂ ਅਮਰ ਹੋਣਾ ਚਾਹੁੰਦੇ ਨੇ ! ਪੁੱਛਣ ਤੇ ਸ਼ਾਇਦ ਓਹਨਾਂ ਵਿਚੋਂ ਵੀ ਇਸ ਗੱਲ ਦਾ ਕੋਈ ਜਵਾਬ ਨਾ ਦੇ ਸਕੇ । ਕਈਆਂ ਨੂੰ ਅਗਲੇ ਸਫਰ ਵਿਚ ਮੈਂ ਇਹ ਗੱਲ ਪੁੱਛੀ ਵੀ ਸੀ । ਉਨ੍ਹਾਂ ਦੇ ਜਵਾਬ ਅਕਸਰ ਇਹ ਮਿਲਦੇ—

"ਮੈਂ ਯਾਤ੍ਰਾ ਸੁੱਖੀ ਹੋਈ ਸੀ ।"

"ਕਿਸ ਗੱਲੋਂ ?"

"ਪੁੱਤਰ ਪ੍ਰਾਪਤੀ ਲਈ ।"

ਕਿਸੇ ਨੇ ਕਿਹਾ, "ਕਾਰੋਬਾਰ ਵਧਾਣ ਲਈ ।" ਕਿਸੇ ਨੇ ਦੱਸਿਆ, "ਬੀਮਾਰੀ ਤੋਂ ਛੁਟਕਾਰੇ ਲਈ ।" ਸਭ ਦਾ ਜਵਾਬ ਕਿਸੇ ਨਾ ਕਿਸੇ ਤਰ੍ਹਾਂ ਦੇ 'ਅਭਾਵ' ਜਾਂ 'ਦੁਖ' ਤੋਂ ਛੁਟਕਾਰਾ ਸੀ । 'ਮੁਕਤੀ' ਤਾਂ ਬਿਲਕੁਲ ਹੀ ਕਿਸੇ ਦੀ ਲੋੜ ਨਹੀਂ ਸੀ—ਕਿਉਂਕਿ ਏਥੋਂ ਮੁਕਤੀ ਨਹੀਂ, 'ਅਮਰਤਾ' ਦਾ ਵਾਇਦਾ ਮਿਲਦਾ ਹੈ । ਅਮਰ ਨਾਥ ਤੋਂ ਮੁੜਦਿਆਂ ਹੋਇਆਂ 'ਸ਼ੇਸ਼ ਨਾਗ' ਵਿਚ ਦੋ ਸੱਜਣ ਤਾਂ ਇਹੋ ਜਿਹੇ ਮਿਲੇ ਸਨ—ਜਿਹੜੇ ਦਸਵੀਂ ਵਾਰੀ ਅਮਰ ਨਾਥ ਦੀ ਯਾਤਰਾ ਕਰਕੇ ਮੁੜ ਰਹੇ ਸਨ ਤੇ ਦੋ ਵਾਰੀ ਹੋਰ ਏਥੇ ਆਉਣ ਤੋਂ ਬਾਅਦ ਬਾਰਾਂ ਵਾਰੀ ਬਦਰੀ-ਕੇਦਾਰ ਦੀ ਯਾਤ੍ਰਾ ਦਾ ਕਾਰਜਕ੍ਰਮ ਬਣਾਈ ਬੈਠੇ ਸਨ । "ਕਿਸ ਲਈ ਇਹ ਯਾਤ੍ਰਾ" ਦਾ ਜਵਾਬ ਉਨ੍ਹਾਂ ਕੋਲ ਵੀ ਕੋਈ ਨਹੀਂ ਸੀ । "ਬੱਸ, ਇੰਜ ਸਮਝੋ ਕਿ ਜੀਵਨ ਵਿਚ ਸੁਖ ਰਹਿੰਦਾ ਏ ।"

ਇਕ ਥਾਂ ਪਹੁੰਚ ਕੇ ਰਹਿਮਤ ਅਲੀ ਨੇ ਕਿਹਾ, "ਉਤਰੋ । ਏਥੋਂ ਚੜ੍ਹਾਈ ਬਹੁਤ ਤਿੱਖੀ ਏ ਤੇ ਰਸਤਾ ਬਹੁਤ ਤੰਗ । ਘੋੜਾ ਭਾਰ ਲੈ ਕੇ ਨਹੀਂ ਚੜ੍ਹ ਸਕਦਾ—ਖੱਡ ਵਿਚ ਡਿਗ ਪੈਣ ਦਾ ਖਤਰਾ ਰਹਿੰਦਾ ਏ ।"

ਚੜ੍ਹਾਈ ਸਚਮੁਚ ਹੀ ਏਨੀ ਔਖੀ ਸੀ ਤੇ ਰਸਤਾ ਏਨੇ ਨਿਕੇ ਨਿਕੇ ਮੋੜਾਂ ਵਾਲਾ ਕਿ ਤੁਰ ਕੇ ਉਪਰ ਚੜ੍ਹਨਾ ਵੀ ਕਦਮ ਕਦਮ ਤੇ ਮੌਤ ਨਾਲ ਜੱਫਾ ਪੈਣ ਵਾਲੀ ਗੱਲ ਜਾਪਦੀ ਸੀ । ਮੈਨੂੰ ਬਹੁਤ ਹੀ ਔਖਿਆਂ ਚੜ੍ਹਦਿਆਂ ਵੇਖ ਕੇ ਰਹਿਮਤ ਅਲੀ ਨੇ ਇਕ ਹੱਥ ਨਾਲ ਮੈਨੂੰ ਸਹਾਰਾ ਦੇ ਕੇ ਚੜ੍ਹਾਈ ਕਰਵਾਣੀ ਸ਼ੁਰੂ ਕੀਤੀ ਤੇ ਦੂਜੇ ਨਾਲ ਘੋੜੇ ਦੀ ਲਗਾਮ ਫੜਕੇ ਉਸਨੂੰ ਆਪਣੇ ਪਿੱਛੇ ਪਿੱਛੇ ਤੋਰਨਾ । ਅੱਧਾ ਕੁ ਘੰਟਾ ਚੱਲਣ ਤੋਂ ਬਾਅਦ ਚੜ੍ਹਾਈ ਘਟ ਜਾਣ ਤੇ ਮੈਨੂੰ ਫਿਰ ਘੋੜੇ ਤੇ ਬਿਠਾ ਦਿੱਤਾ । ਇਕ ਥਾਂ ਫਿਰ ਰਹਿਮਤ ਅਲੀ ਨੇ ਘੋੜੇ ਤੋਂ ਉਤਰਨ ਦਾ ਹੁਕਮ ਦਿੱਤਾ—"ਉਤਰੋ । ਹੁਣ ਉਤਰਾਈ ਡਾਹਡੀ ਔਖੀ ਏ ।" ਇਕ ਦਮ ਪਾਤਾਲ ਵਿਚ ਉਤਰਨ ਵਾਲੀ ਗੱਲ ਹੀ ਸੀ । ਉਂਜ ਅੱਜ ਬਾਰਿਸ਼ ਨਹੀਂ ਸੀ ਹੋਈ, ਜੇ ਹੋਈ ਹੁੰਦੀ ਜਾਂ ਹੋ ਰਹੀ ਹੁੰਦੀ ਤਾਂ ਇਸ ਮਿੱਟੀ ਦੇ ਤਿਲਕਣੇ ਪਹਾੜੀ ਪੈਂਡੇ ਵਿਚ ਉਤਰਾਈ ਬੜਾ ਜ਼ੁਲਮ ਢਾਉਂਦੀ । ਰਹਿਮਤ ਅਲੀ ਨੇ ਫਿਰ ਇਕ ਹੱਥ ਨਾਲ ਮੈਨੂੰ ਸਹਾਰਾ ਦਿੱਤਾ ਤੇ ਇਕ ਨਾਲ ਘੋੜੇ ਨੂੰ ਸੰਭਾਲਿਆ । ਇਹ ਸਾਡਾ ਇਕ ਤੋਂ ਦੂਜੀ ਪਹਾੜੀ ਉਪਰ ਜਾਣ ਦਾ ਇਕ ਪੜਾਵ ਸੀ । ਪੂਰੀ ਉਤਰਾਈ ਉਤਰਨ ਤੋਂ ਬਾਅਦ ਮੈਨੂੰ ਫਿਰ ਘੋੜੇ ਤੇ ਬਿਠਾ ਲਿਆ ਗਿਆ । ਅਗਲੇ ਪਹਾੜ ਦੀ ਚੜ੍ਹਾਈ ਸਾਧਾਰਨ ਸੀ । ਅੱਗੇ ਚਲ ਕੇ ਕੁਝ ਪੱਧਰੇ ਤੇ ਕੁਝ ਖੁਲ੍ਹੇ ਮੈਦਾਨ ਜਿਹੇ ਵਿਚ ਇਕ ਵਾਰੀ ਫਿਰ ਘੋੜੇ ਤੋਂ ਉਤਰਨਾ ਪਿਆ । ਏਥੇ ਤੰਬੂਆਂ ਵਿਚ ਲੱਗੀਆਂ ਚਾਹ ਤੇ ਖਾਣੇ ਦੀਆਂ ਦੁਕਾਨਾਂ ਸਨ । ਦੁਕਾਨ ਦੇ ਬਰਾਬਰ ਪੱਥਰਾਂ ਉਪਰ ਵਿਛੇ ਇਕ ਨਰਮ ਗੱਦੇ ਉਪਰ ਬਿਠਾ ਕੇ ਰਹਿਮਤ ਅਲੀ ਨੇ ਮੈਨੂੰ ਪੁੱਛਿਆ, "ਚਾਹ ਪੀਓਗੇ ਤੁਸੀਂ ?"

ਮੈਂ ਦੁਕਾਨਦਾਰ ਨੂੰ ਕਿਹਾ—"ਰਹਿਮਤ ਅਲੀ ਨੂੰ ਵਧੀਆ ਜਿਹੀ ਚਾਹ ਤੇ ਬਿਸਕੁਟ ਦਿਓ, ਮੈਨੂੰ ਸਿਰਫ ਚਾਹ ।"

ਥੋੜ੍ਹਾ ਅਰਾਮ ਕਰਨ ਤੋਂ ਬਾਅਦ ਫਿਰ ਯਾਤ੍ਰਾ ਸ਼ੁਰੂ ਹੋ ਗਈ । ਹੁਣ ਅਸੀਂ ਬਰਫ਼ਾਂ ਲਦੀਆਂ ਪਹਾੜੀਆਂ ਤੇ ਵਿਸ਼ਾਲ ਗਲੇਸ਼ੀਅਰਾਂ ਦੇ ਵਿਚਕਾਰੋਂ ਲੰਘ ਰਹੇ ਸਾਂ । ਇਹ ਦੋ ਰਸਤਿਆਂ ਦਾ ਸੰਗਮ ਸਥਾਨ ਹੈ । ਏਥੋਂ ਇਕ ਰਸਤਾ ਅਮਰ ਨਾਥ ਨੂੰ ਜਾ ਰਿਹਾ ਹੈ ਤੇ ਦੂਜਾ 'ਪੰਚ ਤਰਨੀ' ਨੂੰ । ਥੋਹੜਾ ਹੋਰ ਅਗਾਂਹ ਜਾਣ ਤੇ ਅਮਰ ਗੰਗਾ ਦਾ ਪੁਲ ਆਇਆ ਤੇ ਪੁਲ ਤੋਂ ਪਾਰ ਹੁੰਦਿਆਂ ਹੀ ਇਕ ਹੋਰ ਚੜ੍ਹਾਈ । ਉਸ ਚੜ੍ਹਾਈ ਤੇ ਪਹੁੰਚਦਿਆਂ ਹੀ ਸਾਹਮਣੇ ਅਮਰ ਨਾਥ ਦੀ ਗੁਫਾ ਦਿੱਸੀ । ਗੁਫਾ ਤੋਂ ਪਹਿਲਾਂ ਹੇਠਾਂ ਲੰਮਾ ਚੌੜਾ ਗਲੇਸ਼ੀਅਰ ਅਮਰ ਗੰਗਾ ਤੇ ਖੁਲ੍ਹਾ ਮੈਦਾਨ ਹੈ ਜਿਸ ਵਿਚ ਤੰਬੂਆਂ ਦਾ ਇਕ ਵਿਸ਼ਾਲ ਨਗਰ ਵੱਸਿਆ ਹੋਇਆ ਹੈ । ਗੁਫਾ ਦੇ ਉਪਰ ਫਿਰ ਤਿੰਨ ਹਜ਼ਾਰ ਫੁਟ ਉੱਚਾ ਪਰਬਤ ਸ਼ਿਖ਼ਰ ਹੈ । ਸੂਰਜ ਦੇ ਪ੍ਰਕਾਸ਼ ਵਿਚ; ਗੁਫਾ, ਉਸ ਦੇ ਉਪਰ ਵਾਲਾ ਪਰਬਤ ਸ਼ਿਖ਼ਰ, ਹੇਠਾਂ ਗਲੇਸ਼ੀਅਰ 'ਤੇ ਤੰਬੂਆਂ ਦਾ ਨਗਰ—ਸਭ ਮਿਲ ਕੇ ਇਕ ਅਜਬ ਜਗਤ ਪਰਤੀਤ ਹੋ ਰਿਹਾ ਸੀ । ਮੇਰੇ ਤਨ ਮਨ ਵਿਚ ਇਕ ਰੋਮਾਂਚ, ਇਕ ਤ੍ਰਿਪਤੀ ਦਾ ਆਨੰਦ ਜਾਗ ਉਠਿਆ । ਮੇਰੇ ਇਸ ਸਫ਼ਰ ਦੀ ਮੰਜ਼ਿਲ ਸਾਹਮਣੇ ਸੀ । ਕੋਈ ਤੀਹ ਸਾਲ ਤੋਂ ਮੈਂ ਕਾਸ਼ਮੀਰ ਤੇ ਕਾਸ਼ਮੀਰ ਅੰਦਰ ਅਮਰ ਨਾਥ ਪਹੁੰਚਣ ਦੀ ਚਾਹ ਸੰਜੋ ਸੰਜੋ ਕੇ ਰੱਖੀ ਹੋਈ ਸੀ ! ਅੱਜ ਉਹ ਚਾਹ ਵਿਲੱਖਣ ਰੂਪ ਵਿਚ ਪੂਰੀ ਹੋ ਰਹੀ ਸੀ । ਲੱਗਾ, ਜਿਵੇਂ ਇਸ ਚੌਗਿਰਦੇ ਦਾ, ਇਸ ਅਲੌਕਿਕ ਜਗਤ ਦਾ ਰਚਨ ਹਾਰ ਸਾਹਮਣੇ ਖੜਾ ਮੁਸਕਰਾ ਕੇ ਜਿਊ ਆਇਆਂ ਆਖ ਕੇ ਆਪਣੇ ਆਲਿੰਗਨ ਵਿਚ ਲੈਣ ਲਈ ਅੱਗੋਂ ਵਾਲੀ ਆ ਰਿਹਾ ਹੈ ।

ਹੁਣ ਫਿਰ ਉਤਰਾਈ ਸੀ ਤੇ ਹੇਠਾਂ ਪਹਾੜ ਦੇ ਪੈਰਾਂ



Sri Satguru Jagjit Singh Ji eLibrary NamdhariElibrary@gmail.com

ਵਿਚ ਗਲੇਸ਼ੀਅਰ। ਘੋੜਾ ਉਸ ਦੇ ਉਪਰੋਂ ਦੀ ਲੰਘ ਕੇ—ਤੰਬੂਆਂ ਦੇ ਨਗਰ ਦੇ ਵਿਚੋਂ ਦੀ ਫਿਰ ਉਪਰ 'ਗੁਫਾ ਵੱਲ ਨੂੰ ਚੜ੍ਹ ਰਿਹਾ ਸੀ। ਹਾਲਾਂ ਕਿ ਰਸਤਾ ਇਹੋ ਜਿਹੇ ਪਥਰਾਂ ਨਾਲ ਅੱਟਿਆ ਪਿਆ ਸੀ ਜਿਨ੍ਹਾਂ ਦੇ ਉਪਰੋਂ ਦੀ ਲੰਘਣਾ ਮੁਹਾਲ ਲਗਦਾ—ਪਰ ਰਹਿਮਤ ਅਲੀ ਦੀ ਕੋਸ਼ਿਸ਼ ਸੀ ਕਿ ਮੈਨੂੰ ਗੁਫਾ ਤਕ ਸਿੱਧੀ ਚੜ੍ਹਾਈ ਚੜ੍ਹਨ ਤੋਂ ਜਿਥੋਂ ਤਕ ਹੋ ਸਕੇ ਬਚਾ ਲਵੇ। ਰਹਿਮਤ ਅਲੀ ਤੀਹਾਂ ਪੈਂਤੀਆਂ ਦਾ ਸੀ ਤੇ ਮੈਂ ਉਸ ਤੋਂ ਦੁਗਣਾ। ਪਰ ਉਸਦਾ ਸਾਰੇ ਰਸਤੇ ਦਾ ਮੇਰੇ ਪ੍ਰਤੀ ਰਵੱਈਆ ਉਸ ਦੇ ਆਪਣੇ ਅੰਵਾਣੇ ਬਾਲ ਵਰਗਾ ਰਿਹਾ ਸੀ। ਹਰ ਮੁਸ਼ਕਿਲ ਤੋਂ, ਹਰ ਔਖੀ ਘਾਟੀ ਤੋਂ ਬਚਾਉਂਦਿਆਂ, ਸਹਾਰਾ ਦੇਂਦਿਆਂ ਉਹ ਮੈਨੂੰ ਗੁਫਾ ਦੇ ਬਿਲਕੁਲ ਨੇੜੇ ਤਕ ਲੈ ਗਿਆ।" ਬਸ, ਇਸ ਤੋਂ ਅਗਾਂਹ ਘੋੜਾ ਨਹੀਂ ਜਾ ਸਕਦਾ," ਕਹਿਕੇ ਮੈਨੂੰ ਉਤਰਨ ਲਈ ਕਿਹਾ ! ਫਿਰ ਦਸਿਆ ਕਿ "ਇਹਨਾਂ ਤੰਬੂਆਂ ਵਾਲੀਆਂ ਦੁਕਾਨਾਂ ਵਿਚ ਖਾਣ-ਪਾਣ ਦੇ ਨਾਲ ਨਾਲ ਰਾਤ ਰਹਿਣ ਦਾ ਬੰਦੋਬਸਤ ਵੀ ਹੈ ਵੇ। ਸਭਨਾ ਤੰਬੂਆਂ ਉੱਤੇ ਨੰਬਰ ਲੱਗੇ ਹੋਏ ਨੇ। ਕਿਸੇ ਵਿਚ ਵੀ ਸਾਮਾਨ ਰਖਕੇ ਉਪਰ ਗੁਫਾ ਦੇ ਦਰਸ਼ਨ ਕਰ ਆਓ। ਤੰਬੂ ਦਾ ਨੰਬਰ ਜ਼ਰੂਰ ਯਾਦ ਰਖਣਾ।"

ਸਾਹਮਣੇ ਹੀ ਇਕ ਤੰਬੂ ਵਿਚ ਰਹਿਮਤ ਅਲੀ ਨੇ ਮੇਰਾ ਸਾਮਾਨ ਰੱਖ ਦਿਤਾ ਤੇ ਦੁਕਾਨਦਾਰ ਨੇ ਬਹਿਣ ਲਈ ਕਪੜਾ ਵਿਛਾ ਦਿਤਾ। ਸਫਰ ਦਾ ਭਾੜਾ ਚੁਕਾਉਣ ਤੋਂ ਪਹਿਲਾਂ ਮੈਂ ਰਹਿਮਤ ਅਲੀ ਨੂੰ ਪੁਛਿਆ, "ਚਾਹ ਪੀਏਂਗਾ ?"

"ਜੇ ਤੁਸੀਂ ਪੀਓਗੇ ਤਾਂ ਮੈਂ ਵੀ ਪੀ ਲਾਂਗਾ। ਪਰ ਤੁਸਾਂ ਪਹਿਲਾਂ ਭੋਲੇ ਨਾਥ ਦੇ ਦਰਸ਼ਨ ਨਹੀਂ ਕਰਨੇ ?"

"ਮੇਰਾ ਭੋਲਾ ਨਾਥ ਤੇ ਤੂੰ ਈ ਏਂ ਰਹਿਮਤ ਅਲੀ ! ਪਹਿਲਾਂ ਤੇਰੀ ਸੇਵਾ, ਫਿਰ ਉਸ ਭੋਲੇ ਨਾਥ ਨੂੰ ਮਿਲਾਂਗਾ।"

ਚਾਹ ਤੇ ਬਿਸਕੁਟ ਛੱਕ ਕੇ ਰਹਿਮਤ ਅਲੀ ਪਰਸੰਨ ਸੀ। ਮੈਂ ਵੀ ਪਰਸੰਨ ਸਾਂ ਕਿ ਮੇਰੇ ਰਾਹਬਰ ਨੇ ਮੈਨੂੰ ਠੀਕ ਮੰਜ਼ਿਲ ਉਪਰ ਪੁਚਾ ਦਿੱਤਾ ਏ। ਚਾਹ ਤੋਂ ਬਾਅਦ ਭਾੜੇ ਦੇ ਪੈਸੇ ਦੇਣ ਲਗਿਆਂ ਸਾਰੇ ਰਸਤੇ ਵਿਚ ਉਸਦਾ ਤੇ ਉਹਦੇ ਘੋੜੇ ਦਾ ਪੱਥਰਾਂ ਨਾਲ ਘੋਲ ਮੇਰੀਆਂ, ਅੱਖਾਂ ਅਗੇ ਫਿਰ ਸਾਕਾਰ ਹੋ ਉਠਿਆ। ਕੁਝ ਨੋਟ ਹੀ ਵੱਧ ਦੇ ਸਕਦਾ ਸਾਂ ਉਸ ਹਾਲਤ ਵਿਚ, ਰਹਿਮਤ ਅਲੀ ਨੂੰ ਉਨ੍ਹਾਂ ਪੈਂਡਿਆਂ ਤੋਂ ਛੁਟਕਾਰਾ ਨਹੀਂ ਸਾਂ ਦਿਵਾ ਸਕਦਾ। ਜਿਹੜੇ ਉਹਦੇ ਲਈ ਨਿਤ ਦੀ ਜਾਨ ਤੋੜਵੀਂ ਹੋਣੀ ਸਨ ਤੇ ਜਿਨ੍ਹਾਂ ਕਰਕੇ ਉਹ ਜਵਾਨੀ ਵਿਚ ਹੀ ਪੰਜਾਹਾਂ ਦਾ ਲਗ ਰਿਹਾ ਸੀ।

੧੬ ਕੁ ਹਜ਼ਾਰ ਫੁਟ ਦੀ ਉਚਾਈ ਤੇ ਅਤਿ-ਉੱਚ ਪਹਾੜਾਂ ਵਿਚ ਘਿਰੀ ਗੁਫਾ ਤਕ ਜਾਣ ਲਈ ਕੁਝ ਪੱਧਰਾ ਤੇ ਕੁਝ ਪੌੜੀਆਂ ਵਾਲਾ ਰਸਤਾ ਹੈ। ਏਨੀ ਉਚਾਈ ਉਤੇ ਰੁੱਖਾਂ ਦੀ ਅਨਹੋਂਦ ਕਰਕੇ ਔਕਸੀਜਨ ਦੀ ਕੁਝ ਘਾਟ ਰਹਿੰਦੀ ਹੀ ਹੈ। ਇਸ ਕਰਕੇ ਦਮ ਵੀ ਫੁਲਦਾ ਹੈ। ਸੋ ਹੌਲੀ ਹੌਲੀ ਕਦਮ ਰੱਖਦਾ ਮੈਂ ਗੁਫਾ ਤਕ ਪੁੱਜਾ। ਪਹਿਲਾਂ ਗੁਫਾ ਦਾ ਬਰਾਂਡਾ ਹੈ। ਬਰਾਂਡੇ ਵਿਚ ਲੋਹੇ ਦਾ ਇਕ ਜੰਗਲਾ ਹੈ ਤੇ ਜੰਗਲੇ ਤੋਂ ਪਾਰ ਅਸਲ ਗੁਫਾ। ਗੁਫਾ ਦਾ ਮੂੰਹ ਉੱਤਰ-ਪੱਛਮ ਵੱਲ ਹੈ। ਉਸ ਦਾ ਘੇਰਾ ਚੌਈ ਡੇੜ੍ਹ ਕੁ ਸੌ ਫੁਟ ਤੇ ਡੂੰਘਾਈ ਚਾਲੀ ਕੁ ਫੁਟ। ਗੁਫਾ ਦੀ ਉਚਾਈ ਤੇ ਚੌੜਾਈ ਪੰਜਾਹ ਕੁ ਫੁਟ ਹੈ। ਬਰਾਂਡੇ ਵਿਚ ਸੱਜੇ ਪਾਸੇ ਫਿਰ ਇਕ ਉੱਚੇ ਮੰਚ ਉਪਰ ਇਕ ਹੋਰ ਜੰਗਲੇ ਦੇ ਅੰਦਰ ਪੁਜਾਰੀ-ਪੰਡਿਤ ਬੈਠੇ, ਜੰਗਲੇ ਦੇ ਛੋਟੇ ਮੂੰਹ ਵਿਚੋਂ ਦੀ ਦੋਹੀਂ ਦੋਹੀਂ ਹੱਥੀਂ ਸ਼ਰਧਾਲੂਆਂ ਦੇ ਹਥਾਂ ਵਿਚੋਂ ਪਰਸਾਦ ਦੀਆਂ ਥੈਲੀਆਂ ਤੇ ਨੋਟ ਫੜ ਫੜ ਕੇ ਅਗਲੇ ਹੱਥਾਂ ਵਿਚ ਦੇਈ ਜਾ ਰਹੇ ਸਨ। ਉਹ ਅਗਲੇ ਹੱਥ ਨੋਟ ਇਕ ਬੰਨੇ ਰੱਖਕੇ ਸ਼ਰਧਾਲੂਆਂ ਨੂੰ ਪੁੱਛ ਕੇ ਪਰਸਾਦ ਵਿਚੋਂ ਕੁਝ ਹਿੱਸਾ ਮੋੜ ਦੇਂਦੇ ਜਾਂ ਆਖਣ ਤੇ ਪੂਰਾ ਪਰਸਾਦ ਹੀ ਪਰਸਾਦ ਦੀ ਵੱਡੀ ਢੇਰੀ ਉਪਰ ਵਗਾਹ ਮਾਰਦੇ। ਸ਼ਰਧਾਲੂ ਓਥੋਂ ਹੀ ਮੱਥਾ ਟੇਕ ਕੇ ਸ਼ਿਵਲਿੰਗ ਦੇ ਦਰਸ਼ਨ ਲਈ ਉਸ ਦੂਜੇ ਜੰਗਲੇ ਤੋਂ ਪਾਰ ਗੁਫਾ ਦੇ ਹਨੇਰੇ ਵੱਲ ਝਾਕਦੇ। ਮੈਂ ਵੀ ਝਾਕਿਆ, ਨੀਝ ਲਗਾ ਕੇ ਵੇਖਣ ਦੀ ਕੋਸ਼ਿਸ਼ ਵੀ ਕੀਤੀ,—ਫਿਰ ਕਿਸੇ ਦੂਜੇ ਕੋਲੋਂ ਪੁੱਛਿਆ, "ਸ਼ਿਵਲਿੰਗ ਕਿੱਥੇ ਐ ?"

"ਇਹ ਤੇ ਮੱਸਿਆ ਦੇ ਦਿਨ ਨੇ। ਪੁੰਨਿਆਂ ਵਾਲੇ ਦਿਨ ਲਿੰਗ ਸੰਪੂਰਨ ਆਕਾਰ ਵਿਚ ਤਿੰਨ-ਚਾਰ ਫੁਟ ਦਾ ਹੁੰਦਾ ਏ। ਫਿਰ ਹੌਲੀ ਹੌਲੀ ਬਰਫ਼ ਖੁਰਦਿਆਂ ਖੁਰਦਿਆਂ ਮੱਸਿਆ ਤੇ ਆਣ ਕੇ ਪੂਰੀ ਤਰ੍ਹਾਂ ਖ਼ਤਮ ਹੋ ਜਾਂਦਾ ਏ। ਚਾਨਣੇ ਪੱਖ ਵਿਚ ਬਣਨਾ ਸ਼ੁਰੂ ਹੁੰਦਾ ਏ—ਨ੍ਹੇਰੇ ਪੱਖ ਵਿਚ ਖੁਰਨਾ।" ਓਸੇ ਸੱਜਣ ਨੇ ਹੀ ਫਿਰ ਮੈਨੂੰ ਗੁਫਾ ਦੀ ਦੀਵਾਰ ਵਿਚ ਇਕ ਘੁਰਨਾ ਵਿਖਾਉਂਦਿਆਂ ਦੱਸਿਆ, "ਐਸ ਘੁਰਨੇ ਵਿਚ ਕਬੂਤਰ ਕਬੂਤਰੀ ਦਾ ਉਹ ਜੋੜਾ ਰਹਿੰਦਾ ਏ, ਜਿਹੜਾ ਸ਼ਿਵਜੀ ਕੋਲੋਂ ਅਮਰ ਕਥਾ ਸੁਣ ਕੇ ਅਮਰ ਹੋ ਗਿਆ ਏ। ਕਦੇ ਕਦੇ ਪੁੰਨਿਆਂ ਵਾਲੇ ਦਿਨ ਕਿਸੇ ਕਿਸੇ ਕਿਸੇ ਨੂੰ ਦਰਸ਼ਨ ਹੁੰਦੇ ਨੇ ਉਸਦੇ।"

ਮੈਂ ਪਰਸਾਦ ਦਾ ਮੋੜਵਾਂ ਅੰਸ਼ ਲਿਆ ਨਹੀਂ ਸੀ। ਪੁਛਣ ਤੇ ਆਖਿਆ ਸੀ—"ਏਥੇ ਹੀ ਚੜ੍ਹਾ ਦਿਓ ਸਾਰਾ।" ਵਾਪਸ ਲਿਜਾਣਾ ਵੀ ਕੀਹਦੇ ਲਈ ਸੀ ? ਕੋਈ ਸੁੱਖਣਾ ਮੈਂ ਸੁੱਖੀ ਹੋਈ ਨਹੀਂ ਸੀ। ਲਟਾਕਾ ਪਿੱਛੇ ਕੋਈ ਹੈ ਨਹੀਂ। ਮੰਗ ਵੀ ਮੇਰੀ ਕੋਈ ਨਹੀਂ ਸੀ—ਨਾ ਧਨ ਦੀ, ਨਾ ਸਵਰਗ ਦੀ ਤੇ ਨਾ ਹੀ ਅਮਰਤਾ ਦੀ। ਇਸ ਵੇਲੇ ਸਿਰਫ਼ ਦੋ ਗੱਲਾਂ ਮਨ ਵਿਚ ਸਨ—ਸ਼ਿਵਲਿੰਗ ਦੇ ਦਰਸ਼ਨ ਅਤੇ ਅਮਰ ਕਥਾ ਬਾਰੇ ਜਿਗਿਆਸਾ। ਸ਼ਿਵਲਿੰਗ ਮੱਸਿਆ ਦਾ ਨੇੜ ਹੋਣ ਕਰਕੇ ਹੈ ਨਹੀਂ ਸੀ। (ਉਂਜ ਪਤਾ ਲਗਾ ਸੀ ਹੋਰਨਾਂ ਕਈਆਂ ਕੋਲੋਂ--


Sri Satguru Jagjit Singh Ji eLibrary NamdhariElibrary@gmail.com

ਕਿ ਜ਼ਰੂਰੀ ਨਹੀਂ ਪੁੰਨਿਆਂ ਨੂੰ ਵੀ ਹੁੰਦਾ ਹੀ ਹੋਵੇ, ਨਹੀਂ ਵੀ ਹੁੰਦਾ ਕਈ ਵਾਰੀ।) ਦੱਸਿਆ ਗਿਆ ਕਿ ਉਪਰੋਂ ਗੁਫਾ ਦੀ ਛੱਤ ਵਿਚੋਂ ਪਾਣੀ ਦੀਆਂ ਬੂੰਦਾਂ ਇਸ ਹਿਸਾਬ ਨਾਲ ਹੀ ਹੇਠਾਂ ਡਿਗਦੀਆ ਨੇ ਕਿ ਬਰਫ਼ ਦਾ ਲਿੰਗ ਬਣ ਜਾਂਦਾ ਹੈ।

ਕਬੂਤਰ ਕਬੂਤਰੀ ਵੀ ਮੈਨੂੰ ਓਥੇ ਫਿਰਦਿਆਂ ਟੁਰਦਿਆਂ ਦਿੱਸੇ ਕੋਈ ਨਾ। ਫਿਰ ਵੀ ਅਮਰ ਕਥਾ ਬਾਰੇ ਮੇਰੀ ਜਿਗਿਆਸਾ ਪਰਬਲ ਸੀ। 'ਕੀ ਹੈ ਉਹ ਅਮਰ ਕਥਾ ਜਿਸਨੂੰ ਸੁਣ ਕੇ ਕਬੂਤਰ ਕਬੂਤਰੀ ਅਮਰ ਹੋ ਗਏ ਤੇ ਏਥੇ ਆਉਣ ਵਾਲਿਆਂ ਲਈ ਅਮਰ ਹੋ ਜਾਣ ਦਾ ਵਰ ਵੀ ਹੈ।

ਕਾਸ਼ਮੀਰ ਸ਼ੈਵ ਸਾਧਕਾਂ ਦੀ ਤਪੋ ਭੂਮੀ ਰਹੀ ਹੈ। ਇਸ ਦੇ ਇਨ੍ਹਾਂ ਪਹਾੜਾਂ ਤੇ ਕੰਦਰਾਵਾਂ ਵਿਚ ਸਾਧਕਾਂ ਨੇ ਸਾਧਨ ਕਰਦਿਆਂ ਤੇ ਜੋਗੀਆਂ ਨੇ ਜੋਗ ਕਮਾਉਂਦਿਆਂ ਪ੍ਰਕ੍ਰਿਤੀ ਦੇ ਰਹੱਸ ਜਾਣੇ ਤੇ ਤੰਤਰਾਂ ਦੀ ਰਚਨਾ ਕੀਤੀ ਹੈ। ਉਨ੍ਹਾਂ ਸਾਧਕਾਂ ਦੇ ਵੇਖਦਿਆਂ ਵੇਖਦਿਆਂ ਹੀ ਬੜੇ ਭਿਆਨਕ ਕਾਂਡ ਹੋਏ। ਇਨ੍ਹਾਂ ਰਾਹਾਂ ਥਾਣੀਂ ਹਿਮਾਲੇ ਪਾਰੋਂ ਸ਼ਕ, ਹੂਣ, ਤੁਰਕ ਤੇ ਤਾਤਾਰ ਆਏ। ਮਿਹਰ ਗੁਲ ਚੰਗੇਜ਼ ਖਾਂ ਤੇ ਹੋਰ ਅਨੇਕਾਂ ਜਾਬਰ ਲੁਟੇਰੇ ਮੱਧ ਏਸ਼ੀਆ ਵਿਚੋਂ ਆਉਂਦੇ ਤੇ ਮਾਰ ਧਾੜ ਕਰਦੇ ਰਹੇ। ਅਫਗਾਨਾਂ ਤੁਰਕਾਂ ਨੇ ਕਸ਼ਮੀਰ ਦੇ ਲੋਕਾਂ ਦਾ ਜਬਰੀ ਧਰਮ ਬਦਲਿਆ, ਇਸ਼ਟ ਬਦਲ ਦਿੱਤਾ। ਇਹ ਸਭ ਇਸ ਲਈ ਹੋ ਸਕਿਆ ਕਿ ਲੋਕ ਸਾਹਵੇਂ ਖਲੋ ਕੇ ਮਰਨ ਤੋਂ ਡਰਦੇ ਰਹੇ। ਲੋਕਾਂ ਦੀ ਇਸ ਕਾਇਰ ਬਿਰਤੀ ਨੂੰ ਬਦਲਕੇ ਤਣਕੇ ਖਲੋਣ ਦੀ ਸਮਰੱਥਾ ਪੈਦਾ ਕਰਨ ਲਈ ਹੀ ਉਨ੍ਹਾਂ ਸਾਧਕਾਂ ਜੋਗੀਆਂ ਨੇ ਸ਼ਿਵ-ਪਾਰਬਤੀ ਦੀ ਕਥਾ ਪਰੰਪਰਾ ਵਿਚ ਸ੍ਰਿਸ਼ਟੀ ਸਥਿਤੀ ਤੇ ਪਰਲੋ ਦੇ ਸਦੀਵੀ ਚੱਕਰ ਦੀ ਕਥਾ ਦੱਸਦਿਆਂ ਮੌਤਾਂ ਦੇ ਡਰ ਨੂੰ ਤਿਆਗ ਕੇ ਅਮਰ ਪਦਵੀ ਪਾਉਣ ਦਾ ਰਹੱਸ ਹੀ ਸ਼ਾਇਦ ਇਸ ਗੁਫਾ ਨਾਲ ਜੋੜ ਕੇ ਦੱਸਿਆ ਸੀ। ਇਸ ਗੁਫਾ ਬਾਰੇ ਜਾਣਕਾਰੀ ਜ਼ਰੂਰ ਪਹਿਲਾਂ ਵੀ ਰਹੀ ਹੋਵੇਗੀ—ਪਰ ਦੂਰ ਉਜਾੜ ਵਿਚ ਬਰਫੀਲੇ ਮਾਰੂ ਕੁਦਰਤੀ ਹਮਲਿਆਂ ਕਾਰਨ—ਇਹ ਜਾਣਕਾਰੀ ਵਿੱਸਰ ਗਈ ਹੋਵੇਗੀ। ਦੋ ਕੁ ਸੋ ਸਾਲ ਤੋਂ ਹੁਣ ਇਹ ਬਾਕਾਇਦਾ ਧਿਆਨ ਵਿਚ ਹੈ ਤੇ ਕਈ ਪ੍ਰਕਾਰ ਦੀਆ ਅਮਰ ਕਥਾਵਾਂ ਇਸ ਨਾਲ ਜੁੜ ਗਈਆਂ ਨੇ।

ਗੁਫਾ ਦੇ ਬਰਾਂਡੇ ਵਿਚ ਖਲੋ ਕੇ ਕੁਝ ਚਿਰ ਸਾਹਮਣੇ ਤੇ ਸੱਜੇ-ਖੱਬੇ ਦੇ ਪਹਾੜਾਂ ਨੂੰ ਅਚੰਭੇ ਨਾਲ ਵੇਖਦਾ ਰਿਹਾ ਸਾਂ। ਏਥੋਂ ਦੇ ਪਹਾੜਾਂ ਦੇ ਰੰਗ ਤੇ ਆਕਾਰ ਇਹੋ ਜਿਹੇ ਨੇ—ਜਿਹੇ ਜਿਹੇ ਪਿਛਲੇ ਲੱਦਾਖ਼ ਦੇ ਪੰਦਰਾਂ ਦਿਨਾਂ ਦੇ ਸਫ਼ਰ ਵਿਚ ਇਕ ਵਾਰੀ ਵੀ ਵੇਖਣ ਵਿਚ ਨਹੀਂ ਸਨ ਆਏ। ਹਾਲਾਂ ਕਿ ਉਨ੍ਹਾਂ ਪਹਾੜਾਂ ਦੇ ਰੰਗਾਂ ਤੇ ਆਕਾਰਾਂ ਦੀ ਵਿਵਿਧਤਾ ਬੇਮਿਸਾਲ ਹੈ। ਏਥੇ ਅਮਰ ਨਾਥ ਵਿਚ ਦੋਹਾਂ ਪਾਸਿਆਂ ਦੇ ਪਹਾੜਾਂ ਵਿਚਕਾਰ ਇਕ ਲੰਮਾ ਚੌੜਾ ਗਲਿਆਰਾ ਜਿਹਾ ਕੁਦਰਤ ਨੇ ਬਣਾਇਆ ਹੋਇਆ ਹੈ। ਉੱਚੇ ਸਿੱਧੇ ਖੜੇ ਚੱਟਾਨੀ ਪਹਾੜਾਂ ਉਪਰ ਮੂਰਤੀਆਂ ਉਕਰੀਆਂ ਲਗਦੀਆਂ ਨੇ। ਸਾਹਮਣੇ ਖੜੇ ਪਹਾੜਾਂ ਦੇ ਇਕ ਇਕ ਪਾਸੇ ਏਨੀ ਗੂਹੜੀ ਕਲਿਤਣ ਹੈ ਜਿਵੇਂ ਇਨ੍ਹਾਂ ਉਪਰ ਕਾਲੀ ਸਿਆਹੀ ਡੋਹਲ ਦਿੱਤੀ ਗਈ ਹੋਵੇ। ਨਾਲ ਹੀ ਦੂਜੇ ਪਾਸੇ ਦੇ—ਪਹਾੜ ਹਰੀ, ਜੋਗੀਆ ਤੇ ਨੀਲੀ ਭਾਹ ਮਾਰਦੇ ਆਪਣੀ ਵਖਰੀ ਹੋਂਦ ਜਤਾਉਂਦੇ ਲਗਦੇ। ਦੋਹਾਂ ਪਾਸਿਆਂ ਦੇ ਪਹਾੜਾਂ ਨੂੰ ਮਿਲਾਣ ਵਾਲੀਆਂ ਨਿਵਾਣਾਂ ਦੇ ਵਿਚੋਂ ਦੀ ਫਿਰ ਉਨ੍ਹਾਂ ਦੇ ਪਿਛਲੇ ਪਹਾੜ ਸਿਰ ਉੱਚਾ ਕਰੀ ਦਿੱਸਦੇ। ਰੰਗ ਸੁਰੰਗੇ ਪਹਾੜਾਂ ਦੇ ਉਪਰ ਕਿਧਰੇ ਚਿੱਟੇ ਤੇ ਕਿਧਰੇ ਸੁਰਮਈ ਬੱਦਲ ਆਕਾਸ਼ ਦੀ ਗੂਹੜੀ ਨੀਲੱਤਣ ਨੂੰ ਕਦੇ ਕੱਜ ਕੇ ਕਦੇ ਉਘਾੜ ਕੇ ਇਹੋ ਜਿਹਾ ਮਾਹੌਲ ਸਿਰਜ ਰਹੇ ਸਨ ਜਿਸ ਵਿਚ ਸਾਰਾ ਆਲਾ ਦੁਆਲਾ ਜਿਉਂਦਾ ਜਿਉਂਦਾ ਤੇ ਗੱਲਾਂ ਕਰਦਾ ਲਗ ਰਿਹਾ ਸੀ। ਏਥੇ ਇਹ ਨਹੀਂ ਸੀ ਜਾਪਦਾ ਕਿ ਮੈਂ ਜੜ ਪ੍ਰਕ੍ਰਿਤੀ ਦਾ ਸਥਾਵਰ ਰੂਪ ਵੇਖ ਰਿਹਾ ਹਾਂ—ਸਗੋਂ ਏਥੇ ਪ੍ਰਕ੍ਰਿਤੀ ਆਪਣੇ ਪੂਰੇ ਰੌਂ ਵਿਚ ਇਹ ਸਮਝਾਣ ਦਾ ਜਤਨ ਕਰ ਰਹੀ ਲਗਦੀ ਸੀ ਕਿ ਜੜ ਕੁਝ ਵੀ ਨਹੀਂ, ਸਭ ਚੇਤਨ ਹੀ ਚੇਤਨ ਹੈ। ਮਨ ਵਿਚ ਆਈ, ਜਿਹੜੇ ਰਾਤ ਦੇ ਹਨੇਰੇ ਵਿਚ ਆਏ ਤੇ ਸਵੇਰੇ ਸੂਰਜ ਉਗਣ ਤੋਂ ਪਹਿਲਾਂ ਹੀ ਪਰਤ ਗਏ ਨੇ—ਉਹ ਕਿਉਂ ਆਏ ? ਉਨ੍ਹਾਂ ਨੇ ਕੀ ਪਾਇਆ ?

ਕੁਝ ਸਮਾਂ ਉਸ ਸਾਰੀ ਦਰਿਸ਼ਾਵਲੀ ਨੂੰ ਨਿਹਾਰ ਕੇ ਹੌਲੀ ਹੌਲੀ ਹੇਠਾਂ ਉਤਰਨਾ ਸ਼ੁਰੂ ਕੀਤਾ।

ਨੇੜੇ ਹੀ ਪੌੜੀਆਂ ਦੇ ਇਕ ਪਾਸੇ ਇਕ ਤੰਬੂ ਵਿਚ ਲੰਗਰ ਸੀ। ਪੂੜੀਆਂ ਕੜਾਹ, ਛੋਲਿਆਂ ਤੇ ਚਾਹ ਦਾ। ਇਹ ਲੰਗਰ ਕਿਸੇ ਪੰਜਾਬੀ ਵਲੋਂ ਚੱਲ ਰਿਹਾ ਸੀ। ਸੇਵਾਦਾਰ ਆਉਂਦੇ ਜਾਂਦੇ ਯਾਤ੍ਰੀਆਂ ਨੂੰ ਲੰਗਰ ਛਕਣ ਲਈ ਆਖਦੇ ਤੇ ਫਿਰ ਥਾਲੀਆਂ ਵਿਚ ਪਰੋਸ ਕੇ ਹੱਥ ਫੜਾ ਦੇਂਦੇ। ਕੋਈ ਪੌੜੀਆਂ ਦੇ ਇਕ ਪਾਸੇ ਬਹਿ ਕੇ ਛਕਣ ਲਗ ਜਾਂਦਾ ਤੇ ਕੋਈ ਖੜਾ ਖੜੋਤਾ ਹੀ। ਮੈਂ ਵੀ ਦੁਪਹਿਰ ਦਾ ਭੋਜਨ ਉਥੇ ਹੀ ਕੀਤਾ ਤੇ ਫਿਰ ਆਪਣੇ ਵਿਸ਼ਰਾਮ-ਤੰਬੂ ਵਿਚ ਆਣ ਕੇ ਬਹਿ ਗਿਆ। ਮੇਰੇ ਸਾਥੀ ਡਾ: ਮਨਜੀਤ ਤੇ ਰਾਮ ਕ੍ਰਿਸ਼ਨ ਅਜੇ ਤਕ ਪਹੁੰਚੇ ਨਹੀਂ ਸਨ। ਸੋ ਓਥੇ ਬਹਿ ਕੇ ਉਨ੍ਹਾਂ ਨੂੰ ਉਡੀਕਣ ਲਗਾ। ਅੱਧੇ ਕੁ ਘੰਟੇ ਬਾਅਦ ਉਹ ਆ ਗਏ। ਅਮਰ ਗੰਗਾ ਵਿਚ ਇਸ਼ਨਾਨ ਕਰਕੇ ਲੰਗਰ ਛਕਣ ਦਾ ਕੰਮ ਉਹ ਪਿਛੇ ਹੀ ਮੁਕਾ ਆਏ ਸਨ ਹੁਣ ਉਪਰ ਗੁਫਾ ਦੇ ਦਰਸ਼ਨ ਲਈ ਜਾ ਰਹੇ ਸਨ। ਮੈਂ ਓਥੇ ਹੀ ਬੈਠਾ ਬੈਠਾ ਦਰਸ਼ਨਾਰਥੀਆਂ ਨੂੰ ਵੇਖਦਾ ਰਿਹਾ। ਸ਼ਰਧਾ ਭਾਵਨਾ ਓਥੇ ਆਪਣੇ ਵਿਲਖਣ ਰੂਪ ਵਿਚ


Sri Satguru Jagjit Singh Ji eLibrary NamdhariElibrary@gmail.com

ਦਿੱਸ ਰਹੀ ਸੀ।

ਭਾਰਤ ਵਿਚ ਜਾਂ ਸ਼ਾਇਦ ਸਾਰੀ ਦੁਨੀਆ ਵਿਚ ਹੀ ਇਹ ਗੱਲ ਵੇਖਣ ਵਿਚ ਆਉਂਦੀ ਹੈ ਕਿ ਤੀਰਥ ਸਥਾਨ ਜਿੰਨਾ ਜ਼ਿਆਦਾ ਦੂਰ, ਜਿੰਨੀ ਜ਼ਿਆਦਾ ਉਚਾਈ ਉਪਰ ਅਤੇ ਨਦੀ-ਸਰੋਵਰ ਦੇ ਕੰਢੇ ਉਤੇ ਹੋਵੇ, ਜਿੰਨਾ ਜ਼ਿਆਦਾ ਸਰੀਰਕ ਤੇ ਮਾਇਕ ਕਸ਼ਟ ਓਥੇ ਪਹੁੰਚਣ ਲਈ ਸਹਿਣਾ ਪਵੇ—ਪੁੰਨ ਤੇ ਫਲ ਵੀ ਉਸਦਾ ਓਨਾ ਹੀ ਜ਼ਿਆਦਾ ਮਿਲਦਾ ਹੈ। ਭਾਰਤ ਦੇ ਬਹੁਤੇ ਤੇ ਖ਼ਾਸ ਮਹਾਨਤਾ ਵਾਲੇ ਤੀਰਥ ਦੁਰਗਮ ਪਹਾੜਾਂ ਦੀਆਂ ਚੋਟੀਆਂ ਉਪਰ ਹੀ ਨੇ ਤੇ ਇਨ੍ਹਾਂ ਤੀਰਥਾਂ ਦਾ ਦਰਸ਼ਨ ਇਸ਼ਨਾਨ ਕਰਨ ਵਾਲਿਆਂ ਦੀ ਗਿਣਤੀ ਦਾ ਵੀ ਕੋਈ ਹਿਸਾਬ ਨਹੀਂ। ਇਨ੍ਹਾਂ ਤੀਰਥਾਂ ਤੇ ਪਹੁੰਚਣ ਵਾਲਿਆਂ ਦੀ ਉਮਰ ਦੀ ਕੋਈ ਸੀਮਾ ਨਹੀਂ। ਵੇਖ ਰਿਹਾ ਸਾਂ—ਬਹੁਤੇ ਯਾਤ੍ਰੀ ਦਰਮਿਆਨੀ ਤੋਂ ਵਡੇਰੀ ਉਮਰ ਤਕ ਦੇ ਹੀ ਆ ਰਹੇ ਸਨ। ਉਨ੍ਹਾਂ ਵਿਚ ਵੀ ਸੱਤਰ ਅੱਸੀ ਸਾਲ ਤਕ ਦੀਆਂ ਮਾਈਆਂ ਨੂੰ ਵੇਖ ਕੇ ਅਸਚਰਜ ਹੁੰਦਾ ਸੀ। ਜਿੰਨਾਂ ਮੁਸ਼ਕਿਲਾਂ ਨਾਲ ਇਨ੍ਹਾਂ ਬਿਖੜੇ ਪੈਂਡਿਆਂ ਨੂੰ ਝਾਕ ਕੇ ਉਹ ਪਹੁੰਚ ਰਹੀਆਂ ਸਨ—ਉਸ ਬਾਰੇ ਸੋਚ ਕੇ ਇਨ੍ਹਾਂ ਦੀ ਸ਼ਰਧਾ ਭਾਵਨਾ ਦੇ ਪ੍ਰਤੀ ਸ਼ਰਧਾ ਉਮਡ ਆਉਂਦੀ ਹੈ। ਪਰਿਵਾਰ ਦੇ ਕਲਿਆਣ ਤੇ ਆਪਣੀ ਮੁਕਤੀ ਦੀ ਮੰਗ ਲੈ ਕੇ ਇਹ ਲੋਕ ਏਥੇ ਆ ਰਹੇ ਤੇ ਅਗਾਧ ਵਿਸ਼ਵਾਸ ਨਾਲ ਭਰਕੇ ਸੰਤੁਸ਼ਟ ਮਨ ਨਾਲ ਵਾਪਸ ਜਾ ਰਹੇ ਹਨ। ਇਨ੍ਹਾਂ ਨੂੰ ਪੂਰਨ ਯਕੀਨ ਹੈ ਕਿ ਉਨ੍ਹਾਂ ਦਾ ਏਥੇ ਆਉਣਾ ਸਕਾਰਥ ਹੋਵੇਗਾ। ਇਨ੍ਹਾਂ ਵਿਚ ਕਿਸੇ ਬਜ਼ੁਰਗ ਨੂੰ ਉਸ ਦੇ ਪੁੱਤ ਪੋਤਰੇ ਆਸਰਾ ਦੇ ਕੇ ਲਿਆ ਰਹੇ ਸਨ ਤੇ ਕਿਸੇ ਕਿਸੇ ਨੂੰ ਘੋੜਿਆਂ ਜਾਂ ਡਾਂਡੀਆਂ ਵਾਲੇ ਬਕਰਵਾਨ। ਕੋਈ ਕੋਈ ਮੰਤਰਾਂ ਦਾ ਜਪ-ਪਾਠ ਕਰਦਾ ਜਾ ਰਿਹਾ ਸੀ—ਤੇ ਕੋਈ ਸਵਾਸ ਸਵਾਸ "ਜੈ ਭੋਲੇ ਨਾਥ" ਦਾ ਉਚਾਰਨ ਕਰਦਾ। ਏਥੇ ਹਰ ਕੋਈ ਛੋਟਾ ਸੀ—ਖਾਲੀ ਫੁੱਲਾਂ ਪੱਤਿਆਂ ਦਾ ਪ੍ਰਸਾਦ ਲਿਜਾਣ ਵਾਲਾ ਵੀ ਅਤੇ ਨੋਟਾਂ ਦੀਆਂ ਦੱਥੀਆਂ ਭੇਟਾ ਚੜ੍ਹਾਉਣ ਵਾਲਾ ਵੀ। ਭਾਵੇਂ ਨੋਟਾਂ ਵਾਲੇ ਦਾ ਅਹੰਕਾਰ ਨੋਟ ਚੜ੍ਹਾਨ ਵੇਲੇ ਕੁਝ ਵਧੇਰੇ ਹੀ ਸਿਰ ਉੱਚਾ ਕਰ ਲੈਂਦਾ—ਪਰ ਅੰਦਰਲੀ ਦੀਨਤਾ ਉਸਦੀ ਵੀ ਸਗੋਂ ਵਧੇਰੀ ਹੋ ਜਾਂਦੀ। ਉਹ ਨੋਟ ਚੜ੍ਹਾਕੇ ਹੋਰ ਵੀ ਛੋਟਾ ਹੋ ਕੇ, ਹੋਰ ਵੀ ਦੀਨ ਹੋ ਕੇ ਭੋਲੇ ਨਾਥ ਅੱਗੇ ਝੋਲੀ ਫੈਲਾਉਂਦਾ।

ਥੋੜ੍ਹੀ ਦੇਰ ਬਾਅਦ ਮੇਰੇ ਸਾਥੀ ਵੀ ਦਰਸ਼ਨ ਕਰਕੇ ਆ ਗਏ। ਬੈਠ ਕੇ ਥੋੜ੍ਹਾ ਆਰਾਮ ਕੀਤਾ ਤੇ ਫਿਰ ਤੈ ਹੋਇਆ ਕਿ ਰਾਤ ਪੰਚ ਤਰਨੀ ਜਾ ਕੇ ਰਿਹਾ ਜਾਵੇ। ਸੋ ਆਪਣਾ ਸਾਮਾਨ ਚੁਕਿਆ ਤੇ ਟੁਰ ਪਏ। ਪੰਚ ਤਰਨੀ ਏਥੋਂ ਛੇ ਸੱਤ ਕਿਲੋਮੀਟਰ ਸੀ। ਥੋੜ੍ਹਾ ਹੇਠਾਂ ਜਾਂਦਿਆਂ ਹੀ ਘੋੜਿਆਂ ਵਾਲਿਆਂ ਨੇ ਘੇਰ ਲਿਆ। ਮੇਰਾ ਸਰੀਰ ਕੁਝ ਢਿੱਲਾ ਹੋਣ ਕਰਕੇ ਚੱਲਣਾ ਮੁਸ਼ਕਿਲ ਲਗ ਰਿਹਾ ਸੀ। ਸੋ ਪੈਂਤੀ ਰੁਪਏ ਵਿਚ ਘੋੜਾ ਕਰ ਲਿਆ। ਸਾਥੀ ਪੈਦਲ ਹੀ ਰਹੇ।

ਵਾਪਸ ਸੰਗਮ ਤੇ ਪਹੁੰਚ ਕੇ ਅਸਾਂ ਪੰਚ ਤਰਨੀ ਵਾਲਾ ਰਸਤਾ ਲੈ ਲਿਆ। ਦੋ ਕੁ ਕਿਲੋਮੀਟਰ ਦਾ ਰਸਤਾ ਬਹੁਤ ਸੌੜਾ ਤੇ ਖਤਰਨਾਕ ਸੀ—ਪਰ ਉਸ ਤੋਂ ਅਗੇ ਰਾਹ ਖੁਲ੍ਹਾ ਖੁਲ੍ਹਾ ਸੀ। ਸਾਹਮਣੇ ਪਲ ਪਲ ਖੁਲ੍ਹਦੀ ਜਾ ਰਹੀ ਵਾਦੀ ਸੀ। ਮਹਿਸੂਸ ਹੋਣ ਲਗਾ ਜਿਵੇਂ ਪਰਬਤਾਂ ਦਾ ਤੰਗ ਤੇ ਕਸਵਾਂ ਕਲਾਵਾ ਹੌਲੀ ਹੌਲੀ ਢਿੱਲਾ ਹੁੰਦਾ ਜਾਂਦਾ ਤੇ ਖੁਲ੍ਹੀ ਨਦੀ-ਘਾਟੀ ਨਜ਼ਰ ਦੀਆਂ ਹੱਦਾਂ ਨੂੰ ਚੌੜੇਰਾ ਕਰੀ ਜਾ ਰਹੀ ਹੈ। ਹੇਠਾਂ ਖਾਈਆਂ ਚੌੜੀਆਂ ਸਨ ਤੇ ਪਾਰਲੇ ਪਹਾੜ ਹੋਰ ਕੁਝ ਦੂਰੀ ਉਪਰ। ਉਨ੍ਹਾਂ ਖਾਈਆਂ ਵਿਚ ਦੀ ਹੀ ਨਦੀ ਵੀ ਵਹਿ ਰਹੀ ਸੀ ਤੇ ਉਸ ਵਿਚ ਆਣ ਆਣ ਕੇ ਮਿਲਦੀਆਂ ਤੇ ਮਿਲ ਮਿਲ ਕੇ ਵਿਛੜਦੀਆਂ ਜਲਧਾਰਾਵਾਂ ਆਪਣਾ ਹੀ ਰੰਗ ਵਿਖਾ ਰਹੀਆਂ ਸਨ। ਫਿਰ ਕੁਝ ਹੋਰ ਅਗੇ ਜਾ ਕੇ ਵੇਖਿਆ ਖੁਲ੍ਹੇ ਚੌੜੇ ਨਦੀ ਦੇ ਪਾਣ ਦੇ ਵਿਚਕਾਰ ਦੋ ਤਿੰਨਾ ਚੋਟੀਆਂ ਵਾਲੇ ਪਹਾੜ ਖੜੇ ਨੇ। ਚੋਟੀਆਂ ਉਪਰ ਬਰਫ਼ ਚਮਕ ਰਹੀ ਹੈ। ਰਸਤੇ ਵਿਚ ਕੋਈ ਆ ਜਾ ਨਹੀਂ ਸੀ ਰਿਹਾ—ਕੇਵਲ ਇਕ ਸਾਧੂ ਤੋਂ ਬਿਨਾ—ਜੋ ਅਮਰ ਨਾਥ ਨੂੰ ਜਾ ਰਿਹਾ ਸੀ। ਉਸ ਸਾਰੇ ਇਲਾਕੇ ਵਿਚ ਏਨੀ ਚੁਪ, ਏਨੀ ਇਕਾਂਤ ਤੇ ਏਨੀ ਇਕਾਗਰਤਾ ਸੀ ਕਿ ਉਸ ਨੂੰ ਜੇ 'ਨੀਰਵ ਜਗਤ' ਕਹਿ ਲਈਏ ਤਾਂ ਅਤਿ ਕਥਨੀ ਨਹੀਂ ਹੋਵੇਗੀ। ਉਸ ਨੀਰਵ ਜਗਤ ਵਿਚ ਮੈਂ ਘੋੜੇ ਤੇ ਘੋੜੇ ਵਾਲੇ ਮੁੰਡੇ ਨੂੰ ਭੁਲ ਗਿਆ ਤੇ ਇਕ ਵਿਸਮਾਦ ਦੀ ਅਵਸਥਾ ਵਿਚ ਪਹੁੰਚ ਗਿਆ ਅਨੁਭਵ ਕਰ ਰਿਹਾ ਸਾਂ। ਉਸ ਵਿਸਮਾਦ ਵਿਚ ਇਕ ਵਿਸ਼ੇਸ਼ ਪਰਕਾਰ ਦੇ ਆਨੰਦ ਦੀ ਅਨੁਭੂਤੀ ਹੋ ਰਹੀ ਸੀ। ਇਹੋ ਜਿਹਾ ਅਨੰਦ ਜੀਵਨ ਵਿਚ ਸ਼ਾਇਦ ਹੀ ਕਦੇ ਮਹਿਸੂਸ ਹੋਇਆ ਹੋਵੇ। ਇਹ ਸਾਰਾ ਵਾਤਾਵਰਣ ਇਕ ਐਸੀ ਸੱਤਾ ਦੀ ਹੋਂਦ ਜਤਾ ਰਿਹਾ ਸੀ ਜਿਹੜੀ ਸਦ੍ ਚਿਤ੍ ਅਨੰਦ ਸਚਿਦਾ ਨੰਦ—ਸਰੂਪ ਹੈ।

ਮੇਰੇ ਜੀਵਨ ਦਾ ਇਕ ਬੀਤਿਆ ਹੋਇਆ ਪੱਖ ਉਸ ਨਦੀ ਵਿਚ ਵਿਸਰਜਿਤ ਹੁੰਦਾ ਲਗ ਰਿਹਾ ਸੀ ਤੇ ਇਕ ਹੋਰ ਪੱਖ—ਪਰਮ ਆਨੰਦ ਦਾ ਪੱਖ ਉਭਰਦਾ ਵੇਖ ਰਿਹਾ ਸਾਂ। ਠੀਕ ਉਸੇ ਵੇਲੇ ਇਹ ਸੋਚ ਵੀ ਆਈ—ਕਿ 'ਜਗਤ ਤਾਂ ਤੇਰਾ ਇਹੋ ਈ ਏ—ਬੀਤਿਆ ਸਾਰਾ ਤੇਰਾ ਕਰਮ-ਭੋਗ' ਫਿਰ ਮਨ ਵਿਚੋਂ ਪ੍ਰਸ਼ਨ ਜਾਗਿਆ, 'ਤਾਂ ਕੀ ਉਹ ਕਰਮ ਭੋਗ ਪੂਰਾ ਹੋ ਗਿਆ ਏ ? ਹੁਣ ਉਸ ਜਗਤ ਵਿਚ ਮੁੜਕੇ ਨਹੀਂ ਜਾਣਾ ਪਏਗਾ ?'

ਸਾਹਮਣੇ ਤੰਬੂਆਂ ਦੀ ਇਕ ਹੋਰ ਨਗਰੀ ਨੇ ਜਵਾਬ


Sri Satguru Jagjit Singh Ji eLibrary NamdhariElibrary@gmail.com

ਦਿਤਾ ਸੀ—'ਅਜੇ ਨਹੀਂ। ਅਜੇ ਕਰਮ ਭੋਗ ਮੁੱਕਾ ਨਹੀਂ ਇਹ ਤਾਂ ਇਕ ਝਲਕਾਰਾ ਸੀ ਤੇਰੀ ਇੱਛਾ ਨੂੰ ਬਣਾਈ ਰੱਖਣ ਲਈ।'

ਇਕ ਗਲੇਸ਼ੀਅਰ ਉਪਰੋਂ ਦੀ ਲੰਘ ਕੇ ਪੰਚ ਤਰਨੀ ਪੁਜ ਗਏ। ਸਿਰੇ ਤੋਂ ਦੂਜੇ ਤੰਬੂ-ਹੋਟਲ ਅਗੇ ਘੋੜਾ ਜਾ ਰੁਕਿਆ ਤੇ ਤੰਬੂ ਅਗੇ ਖੜੇ ਇਕ ਸਰਦਾਰ ਜੀ ਨੇ ਜਿਊ ਆਇਆਂ ਆਖਿਆ। ਤੰਬੂ ਵਿਚ ਵਿਛੇ ਕਪੜੇ ਉਪਰ ਬਿਠਾ ਕੇ ਤੇ ਨਿਘਿਆਂ ਹੋਣ ਲਈ ਕੰਬਲ ਦੇ ਕੇ ਉਨ੍ਹਾਂ ਨੇ ਮੈਨੂੰ ਗਰਮ ਗਰਮ ਚਾਹ ਪਿਆਈ। ਹੋਟਲ ਵਾਲਾ ਸਿੰਘ ਤੀਹਾਂ ਕੁ ਸਾਲਾਂ ਦਾ ਸੀ ਤੇ ਨਾਲ ਉਸਦਾ ਪੰਝੀਆਂ ਕੁ ਸਾਲਾਂ ਦਾ ਭਰਾ ਵੀ ਸੀ, ਬੜੇ ਮਿਠੇ, ਗੋਰੇ ਤਿੱਖੇ ਨੈਣ ਨਕਸ਼ਾਂ ਵਾਲੇ ਉਨ੍ਹਾਂ ਕਸ਼ਮੀਰੀ ਭਰਾਵਾਂ ਨੇ ਮੈਨੂੰ ਇਕ ਵਿਸ਼ੇਸ਼ ਅਧਿਕਾਰ ਜਿਹੇ ਨਾਲ ਹੀ ਓਨਾ ਚਿਰ ਹਿੱਲਣ ਨਾ ਦਿਤਾ ਜਿੰਨਾ ਚਿਰ ਮੇਰੇ ਸਾਥੀ ਨਹੀਂ ਪਹੁੰਚੇ। ਇਨ੍ਹਾਂ ਨੇ ਉਹਨਾਂ ਦੋਹਾਂ ਦਾ ਵੀ ਬੜੀ ਗਰਮ ਜੋਸ਼ੀ ਨਾਲ ਸਵਾਗਤ ਕੀਤਾ, ਚਾਹ ਪਿਆਈ ਤੇ ਕੁਝ ਪੰਜਾਬ ਦੀ ਅਤੇ ਕੁਝ ਧਾਰਮਕ ਚਰਚਾ ਵੀ ਕੀਤੀ। ਡਾ: ਮਨਜੀਤ ਨੇ ਹੋਲੀ ਜਿਹੀ ਮੈਨੂੰ ਪੁਛਿਆ, ਕਿ "ਰਹਿਣ ਖਾਣ ਦੇ ਕਿੰਨੇ ਰੁਪਏ ਤੈ ਹੋਏ ਨੇ?" ਮੈਂ ਕਿਹਾ, "ਕੋਈ ਗੱਲ ਹੀ ਨਹੀਂ ਹੋਈ ਅਜੇ ਤਕ ਉਸ ਬਾਰੇ ਤਾਂ। ਠੀਕ ਹੀ ਲੈਣਗੇ, ਗੁਰਮੁਖ ਸਿੱਖ ਨੇ।"

ਸੂਰਜ ਕਦੇ ਬਦਲਾਂ ਵਿਚੋਂ ਝਾਕਦਾ ਤੇ ਕਦੇ ਲੁਕ ਰਿਹਾ ਵੇਖ ਕੇ ਅੰਦਾਜ਼ਾ ਹੋਇਆ ਕਿ ਦਿਨ ਅਜੇ ਬਾਕੀ ਹੈ। ਸੋ ਅਸੀਂ ਸਮਾਨ ਉਥੇ ਹੀ ਟਿਕਾ ਕੇ ਫਿਰਨ ਤੁਰਨ ਲਈ ਅਗਾਂਹ ਨੂੰ ਤੁਰ ਗਏ।

ਅਲਗ ਅਲਗ ਦਿਸ਼ਾਵਾਂ ਤੋਂ ਪੰਜ ਜਲ ਧਾਰਾਵਾਂ ਏਥੇ ਆਣ ਕੇ ਅਮਰਾਵਤੀ ਵਿਚ ਮਿਲਣ ਕਰਕੇ ਇਸ ਸਥਾਨ ਨੂੰ 'ਪੰਚ ਤਰਨੀ' ਕਿਹਾ ਜਾਂਦਾ ਹੈ। ਸ਼ਰਧਾਲੂ ਯਾਤਰੀ ਲਈ ਇਹ ਤੀਰਥ ਸਥਾਨ ਵੀ ਹੈ ਤੇ ਅਮਰ ਨਾਥ ਨੂੰ ਜਾਂਦਿਆਂ ਹੋਇਆ ਇਕ ਰਾਤ ਦਾ ਪੜਾਅ ਵੀ। ਪਰਚੱਲਤ ਕਥਾ ਅਨੁਸਾਰ ਅਮਰ ਨਾਥ ਨੂੰ ਜਾਂਦਿਆਂ ਸ਼ਿਵਾਂ ਨੇ ਏਥੇ ਅਮਰਾਵਤੀ ਵਿਚ ਪੰਜ ਸਥੂਲ ਭੂਤਾਂ (ਪੰਜ ਤੱਤਾਂ) ਦਾ ਵਿਸਰਜਨ ਕਰਕੇ ਆਪਣਾ ਆਖਰੀ ਭਾਰ ਵੀ ਲਾਹ ਸੁਟਿਆ ਸੀ। ਕਈ ਸ਼ਰਧਾਲੂ ਇਸਤਰੀ ਪੁਰਸ਼ ਵੀ ਏਥੇ ਪੰਚ ਤਰਨੀ ਵਿਚ ਇਸ਼ਨਾਨ ਕਰਕੇ ਹੌਲੇ ਭਾਰ ਹੋ ਕੇ ਹੀ ਨਿਰਾਹਾਰ ਅਮਰਨਾਥ ਜਾਂਦੇ ਨੇ ਤੇ ਉਥੇ ਪਹੁੰਚ ਕੇ ਫਿਰ ਪੂਰਨ ਨਗਨ ਹੋ ਕੇ ਅਮਰਨਾਥ ਵਿਚ ਇਸ਼ਨਾਨ ਕਰਕੇ ਸ਼ਿਵਲਿੰਗ ਦੇ ਦਰਸ਼ਨ ਕਰਨ ਗੁਫਾ ਵਿਚ ਪਹੁੰਚਦੇ ਨੇ। ਤਨ ਦੇ ਕਪੜਿਆਂ ਦਾ ਭਾਰ ਅੰਤਿਮ ਸਮਝ ਕੇ ਹੀ ਇਹ ਸ਼ਰਧਾਲੂ ਇਸਤਰੀ ਪੁਰਸ਼ ਪ੍ਰਤੀਕ ਰੂਪ ਵਿਚ ਇਨ੍ਹਾਂ ਨੂੰ ਉਤਾਰ ਕੇ ਅਮਰ ਪਦਵੀ ਦੀ ਕਾਮਨਾ ਕਰਦੇ ਨੇ।

ਪੰਚ ਤਰਨੀ ਦਾ ਬਹੁਤ ਵਡਾ ਇਲਾਕਾ ਇਕ ਸਮਤਲ ਘਾਟੀ ਹੈ ਤੇ ਪਹਾੜ ਅਮਰ ਨਾਥ ਵਾਂਗ ਇਕ ਦੂਜੇ ਨੂੰ ਬਾਹਵਾਂ ਵਿਚ ਲੈਂਦੇ ਪਰਤੀਤ ਨਾ ਹੋ ਕੇ ਕਾਫੀ ਵਿਥ ਉਪਰ ਨੇ। ਕੁਝ ਸਾਲ ਹੀ ਹੋਏ ਨੇ ਰੱਖੜ ਪੁੰਨਿਆਂ ਤੋਂ ਮਹੀਨਾ ਡੇਢ ਮਹੀਨਾ ਪਹਿਲਾਂ ਹੀ ਕਸ਼ਮੀਰੀ ਸਿੱਖ ਤੇ ਮੁਸਲਮਾਨ ਦੁਕਾਨਦਾਰ ਏਥੇ ਤੰਬੂਆਂ ਦਾ ਬਾਜਾਰ ਲਗਾ ਦੇਂਦੇ ਨੇ ਜਿਸ ਵਿਚ ਰਹਿਣ ਤੇ ਖਾਣ ਪਾਣ ਦਾ ਬੰਦੋਬਸਤ ਰਹਿੰਦਾ ਹੈ। ਅਮਰ ਨਾਥ ਦੇ ਬਹੁਤੇ ਯਾਤਰੀ ਗੁਫਾ ਦੇ ਦਰਸ਼ਨ ਕਰਕੇ ਮੁੜਦਿਆਂ ਪੰਚ ਤਰਨੀ ਨਾ ਰੁਕ ਕੇ ਸ਼ੇਸ ਨਾਗ ਵਿਚ ਪੜਾਅ ਕਰਦੇ ਨੇ।

ਪਰ ਅਸਾਂ ਏਥੇ ਹੀ ਰਾਤ ਰਹਿਣ ਦਾ ਮਨ ਬਣਾਇਆ ਸੀ। ਕਿਉਂਕਿ ਅਸੀਂ ਅਮਰਨਾਥ ਨੂੰ ਜਾਂਦਿਆਂ ਹੋਇਆ ਇਸ ਰਸਤੇ ਨਾ ਜਾ ਕੇ ਬਾਲ ਤਾਲ ਵਲੋਂ ਦੀ ਗਏ ਸਾਂ ਤੇ ਅਮਰ ਨਾਥ ਤੋਂ ਮੁੜਦਿਆਂ ਪੰਚ ਤਰਨੀ ਪਹੁੰਚਦਿਆਂ ਨੂੰ ਦਿਨ ਢਲਨ ਵਾਲਾ ਹੋ ਗਿਆ ਸੀ। ਬਾਜ਼ਾਰ ਵਿਚੋਂ ਲੰਘ ਕੇ ਅਸਾਂ ਪੰਚਤਰਨੀ ਦੀਆਂ ਪੰਜ ਧਾਰਾਵਾਂ ਦੇ ਦਰਸਨ ਕੀਤੇ ਤੇ ਫਿਰ ਕੋਈ ਕਿਲੋ ਡੇਢ ਕਿਲੋਮੀਟਰ ਦੂਰ ਜਾ ਕੇ ਸਾਹਮਣੇ ਸਿਰ ਚੁਕੀ ਖਲੋਤੇ ਪਹਾੜ ਦੀ ਢਲਾਨ ਉਪਰ ਵਿਛੇ ਗਲੇਸ਼ੀਅਰ ਨੂੰ ਸਾਹਮਣਿਓਂ ਦੀ ਵੇਖ ਕੇ ਇਸ ਇਲਾਕੇ ਦੇ ਸੰਪੂਰਨ ਸੌਂਦਰਯ ਨੂੰ ਅੱਖਾਂ ਵਿਚ ਭਰ ਕੇ ਉਤਰਦੇ ਹਨੇਰੇ ਤਕ ਤੰਬੂ ਵਿਚ ਪਹੁੰਚ ਗਏ। ਰਾਤ ਦਾ ਭੋਜਨ ਛਕਿਆ ਤੇ ਸੌਣ ਦੀ ਤਿਆਰੀ ਕੀਤੀ। ਉਨ੍ਹਾਂ ਸਿੰਘਾਂ ਨੇ ਦੋ ਰਜ਼ਾਈਆਂ ਸਾਨੂੰ ਤਿੰਨਾਂ ਨੂੰ ਦਿਤੀਆਂ ਤੇ ਇਕ ਵਿਚ ਆਪ ਦੋਵੇਂ ਭਰਾ ਸੁਤੇ। ਠੰਢ ਸਿਰੇ ਦੀ ਹੋਣ ਕਰਕੇ ਮੇਰੀ ਰਾਤ ਤਾਂ ਪਾਲੇ ਨਾਲ ਠਰਦਿਆਂ ਜਾਗਦਿਆਂ ਹੀ ਲੰਘੀ। ਸਵੇਰੇ ਉਠ ਕੇ ਤਿਆਰ ਹੁੰਦਿਆਂ ਨੂੰ ਉਨ੍ਹਾ ਨੇ ਸਾਡੇ ਸ਼ਾਹ ਵੇਲੇ ਲਈ ਆਲੂਆਂ ਦੇ ਪਰਾਉਂਠੇ ਪਕਾ ਕੇ ਅਗੇ ਧਰ ਦਿਤੇ। ਤਿੰਨ ਤਿੰਨ ਪਰਾਉਂਠੇ ਤੇ ਉਪਰੋਂ ਗਰਮ ਚਾਹ ਛੱਕ ਕੇ ਤੁਰਨ ਲਗਿਆਂ ਪੁਛਿਆ,

"ਸਾਡੇ ਜ਼ਿੰਮੇ ਕੀ ਸੇਵਾ ਏ?"

ਉਨ੍ਹਾਂ ਨੇ ਮੂੰਹ ਵਿਚ ਕੁਝ ਹਿਸਾਬ ਲਗਾ ਕੇ ਬੜੇ ਸਹਿਜ ਭਾਅ ਨਾਲ ਹੀ ਆਖਿਆ, "ਤੁਸੀਂ ਢਾਈ ਸੌ ਰੁਪਏ ਦੇ ਦਿਓ।"

ਸੁਣ ਕੇ ਸਾਡਾ ਤੇ ਤ੍ਰਾਹ ਹੀ ਨਿਕਲ ਗਿਆ। ਕੁਝ ਸੰਭਲ ਕੇ ਪੁਛਿਆ, "ਕਿਸ ਹਿਸਾਬ?"

"ਬਸ ਤਿੰਨਾਂ ਜਣਿਆਂ ਦੇ ਏਨੇ ਈ ਬਣਦੇ ਨੇ। ਸੱਤਰ ਸੱਤਰ ਰੁਪਏ ਰਾਤ ਰਹਿਣ ਤੇ ਬਿਸਤਰੇ ਦੇ—ਬਾਕੀ ਖਾਣ-ਪਾਣ ਦੇ। ਅਸਾਂ ਤੇ ਤੁਹਾਨੂੰ ਗੁਰਮੁਖ ਜਾਣ ਕੇ ਘਟ ਈ ਲਗਾਏ ਨੇ।"


Sri Satguru Jagjit Singh Ji eLibrary NamdhariElibrary@gmail.com

"ਪਰ ਸਾਨੂੰ ਤੇ ਏਥੇ ਰਹਿ ਕੇ ਗਏ ਕਈ ਲੋਕਾਂ ਨੇ ਦਸਿਆ ਸੀ ਕਿ ਰਾਤ ਰਹਿਣ ਦੇ ਦਸ ਕੁ ਰੁਪਏ ਲਗਦੇ ਨੇ। ਕਲ ਸ਼ਾਮੀ ਬਜ਼ਾਰ ਵਿਚ ਵੀ ਕਈ ਹੋਟਲ ਵਾਲਿਆਂ ਨੇ ਸਾਨੂੰ ਆਪਣੇ ਹੋਟਲ ਵਿਚ ਰਹਿਣ ਲਈ ਆਖਦਿਆਂ ਦਸ ਦਸ ਰੁਪਏ ਹੀ ਦਸੇ ਸਨ।"

"ਤੁਸੀਂ ਉਸ ਹੋਟਲ ਵਾਲੇ ਦਾ ਨਾਮ ਦੱਸੋ। ਸਾਡੀ ਯੂਨੀਅਨ ਏ ਏਥੇ। ਹੁਣੇ ਉਸ ਦਾ ਤੰਬੂ ਚੁਕਾਉਂਦੇ ਆਂ।"

ਇਹ ਸਿੰਘ—ਜਿਹੜੇ ਕਲ੍ਹ ਸ਼ਾਮੀਂ ਬੜੇ ਮਿਠੇ ਤੇ ਨਿਘੇ ਨਿਘੇ ਲਗਦੇ ਰਹੇ ਸਨ—ਹੁਣ ਇਕ ਦਮ ਤਿੱਖੇ ਤੇ ਗਰਮ ਸਨ। ਖੈਰ, ਅਸਾਂ ਜੋੜ ਤੋੜ ਕਰਕੇ ਕਿਸੇ ਤਰ੍ਹਾਂ ਉਨ੍ਹਾਂ ਨੂੰ ਇਕ ਸੌ ਤੀਹ ਰੁਪਏ ਲੈਣ ਲਈ ਮਨਾਇਆ ਤੇ ਖਿਮਾ ਮੰਗਦੇ ਸਤਿਸ੍ਰੀ ਅਕਾਲ ਬੁਲਾਉਂਦੇ ਹੋਏ ਸ਼ੇਸ਼ ਨਾਗ ਨੂੰ ਚਲ ਪਏ।

ਪਤਾ ਲਗਾ ਕਿ ਏਥੋਂ ਸ਼ੇਸ ਨਾਗ ਜਾਣ ਲਈ ਸੱਜੇ ਪਾਸੇ ਵਾਲੇ ਪਹਾੜ ਨੂੰ ਪਾਰ ਕਰਨਾ ਪਏਗਾ—ਜਿਸ ਦੀ ਚੜ੍ਹਾਈ ਬਹੁਤ ਹੀ ਜ਼ਬਰਦਸਤ ਏ। ਡਾ: ਮਨਜੀਤ ਨੇ ਮੈਨੂੰ ਅੱਜ ਵੀ ਘੋੜਾ ਕਰ ਲੈਣ ਲਈ ਕਿਹਾ। ਘੋੜਿਆਂ ਵਾਲਿਆਂ ਨੇ ਕਲ੍ਹ ਸ਼ਾਮ ਤੋਂ ਹੀ ਸਾਨੂੰ ਨਜ਼ਰ ਵਿਚ ਰਖਿਆ ਹੋਇਆ ਸੀ, ਸੋ ਉਨ੍ਹਾਂ ਨੇ ਆਣ ਘੇਰਿਆ। ਪੈਂਹਠ ਰੁਪਇਆਂ ਵਿਚ ਮੈਨੂੰ ਸ਼ੇਸ਼ ਨਾਗ ਤਕ ਪੁਚਾਣ ਦਾ ਸੌਦਾ ਹੋਇਆ। ਸਾਥੀ ਮੇਰੇ ਫਿਰ ਪੈਦਲ ਸਨ।

ਥੋੜ੍ਹੀ ਦੂਰ ਜਾ ਕੇ ਅਮਰਾਵਤੀ ਨੂੰ ਇਕ ਛੋਟੇ ਪੁਲ ਰਾਹੀਂ ਪਾਰ ਕੀਤਾ ਤੇ ਚੜ੍ਹਾਈ ਸ਼ੁਰੂ ਹੋ ਗਈ। ਇਸ ਚੜ੍ਹਾਈ ਤੋਂ ਬਾਅਦ ਕੁਝ ਸਫਰ ਸਮਤਲ ਸੀ ਤੇ ਫਿਰ ਉਤਰਾਈ। ਉਸ ਉਤਰਾਈ ਤੋਂ ਬਾਅਦ ਫਿਰ ਜਿਹੜੀ ਚੜ੍ਹਾਈ ਆਈ ਉਹ ਏਨੀ ਔਖੀ ਸੀ ਕਿ ਘੋੜੇ ਦਾ ਵੀ ਸਾਹ ਨਾਲ ਸਾਹ ਨਹੀਂ ਸੀ ਰਲਦਾ। ਅਸੀਂ ਇਸ ਇਲਾਕੇ ਦੇ ਸਭ ਤੋਂ ਉੱਚੇ ਸਿਖਰ 'ਮਹਾਂਗੁਨਸ' ਦਰਰੇ ਨੂੰ ਚੜ੍ਹ ਰਹੇ ਸਾਂ। ਇਹ ਚੜ੍ਹਾਈ ਪਹਿਲਾਂ ਸਤਾਰਾਂ ਅਠਾਰਾਂ ਹਜ਼ਾਰ ਫੁਟ ਦੀ ਉਚਾਈ ਤੇ ਲੈ ਜਾਂਦੀ ਹੈ, ਫਿਰ ਥੋੜ੍ਹੇ ਸਮਤਲ ਤੋਂ ਬਾਅਦ ਪੰਦਰਾਂ ਸੋਲਾਂ ਹਜ਼ਾਰ ਫੁਟ ਦੀ ਉਚਾਈ ਤਕ। ਰਾਹ ਬਿਖੜਾ ਤੇ ਤੰਗ। ਇਕ ਪਾਸੇ ਪਹਾੜ ਤੇ ਦੂਜੇ ਪਾਸੇ ਪਾਤਾਲ। ਅੱਜ ਘੋੜੇ ਵਾਲਾ ਤੇਰਾਂ ਕੁ ਸਾਲਾਂ ਦਾ ਬਾਲਕ ਸੀ। ਪਿਓ ਨੇ ਉਸ ਨੂੰ ਘੋੜੇ ਨਾਲ ਤੋਰਦਿਆਂ ਕਿਹਾ ਸੀ—ਇਹਨੂੰ ਆਪਣਾ ਬੱਚਾ ਹੀ ਜਾਣਨਾ, ਇਹਦਾ ਧਿਆਨ ਰਖਣਾ।" ਮੇਰਾ ਪਿਠੂ ਮੇਰੀ ਪਿਠ ਤੇ ਹੀ ਸੀ। ਪਰ ਧਿਆਨ ਉਹਦਾ ਮੈਂ ਕੀ ਰੱਖ ਸਕਦਾ ਸਾਂ ਉਸ ਅਣਜਾਣੇ ਰਸਤੇ ਵਿਚ! ਓਹੋ ਹੀ ਥੋੜ੍ਹੇ ਥੋੜ੍ਹੇ ਚਿਰ ਪਿਛੋਂ ਮੈਨੂੰ ਪੁਛ ਲੈਂਦਾ ਸੀ—"ਠੀਕ?" ਮੈਂ ਆਖਦਾ "ਠੀਕ।" ਤੇ ਫਿਰ ਚਲ ਪੈਂਦਾ। ਹਰ ਚੜ੍ਹਾਈ ਤੇ ਉਹ ਆਖਦਾ—"ਅਗਾਂਹ ਝੁਕ ਜਾਓ।" ਤੇ ਹਰ ਉਤਰਾਈ ਤੇ ਕਹਿੰਦਾ "ਪਿਛਾਂਹ ਨੂੰ ਝੁਕ ਜਾਓ।" ਵਿਚ ਵਿਚ ਕਿਸੇ ਸਾਫ ਰਸਤੇ ਤੇ ਉਹ ਘੋੜੇ ਦੀ ਲਗਾਮ ਮੇਰੇ ਹੱਥ ਫੜਾ ਦੇਂਦਾ—ਪਰ ਘੋੜਾ ਅੜ ਖਲੋਂਦਾ। ਘੋੜਾ ਤੇ ਉਹ ਇਕ ਜਾਨ ਜਾਪਦੇ ਸਨ। ਉਹ ਲਗਾਮ ਫੜ ਕੇ ਆਖਦਾ ਇਹਦੀ ਮੇਰੇ ਨਾਲ ਈ ਮੁਹੱਬਤ ਏ। ਹੋਰ ਕਿਸੇ ਨਾਲ ਵੀ ਨਹੀਂ ਤੁਰਦਾ।

'ਮਹਾਂ ਗੁਨਸ' ਦਰਰੇ ਦੀ ਚੋਟੀ ਉਪਰ ਪਹੁੰਚਦਿਆਂ ਹੀ ਦੁਨੀਆਂ ਬਦਲ ਗਈ। ਚਾਰ ਚੁਫੇਰੇ ਦੀ ਪ੍ਰਕ੍ਰਿਤੀ ਦਾ ਸੌਂਦਰਯ ਕਹਿਣੀ ਕਥਨੀ ਤੋਂ ਬਾਹਰ ਸੀ। ਸਭ ਪਾਸੀਂ ਚਿੱਟੀ ਬਰਫ—ਪ੍ਰਕਾਸ਼ ਹੀ ਪ੍ਰਕਾਸ਼ ਸੀ। ਉਥੇ ਮਨ-ਬੁੱਧੀ ਵਿਚੋਂ ਸਭ ਪੁਰਾਣੇ ਚਿਤਰ ਮਿਟ ਗਏ ਲਗੇ। ਸਾਰਾ ਮਨ ਪ੍ਰਾਣ ਉਸੇ ਅਲੌਕਿਕ ਦਰਿਸ਼ ਨਾਲ ਏਕਾਕਾਰ ਹੋ ਗਿਆ। ਫਿਰ ਝਟ ਕੁ ਪਿਛੋਂ ਹੀ ਸਭ ਕੁਝ ਬਦਲ ਗਿਆ। ਉਸ ਮਹਾਂ ਪ੍ਰਕਾਸ਼ ਦੀ ਥਾਂ ਗਹਿਰੀ ਧੁੰਧ ਨੇ ਲੈ ਲਈ। ਫਿਰ ਉਸ ਧੁੰਧ ਦੇ ਵਿਚੋਂ ਦੀ ਇਕ ਧੁੰਧਲਾ ਜਿਹਾ ਪਹਾੜ ਦਿਸਿਆ। ਉਸ ਦਿਸਣ ਦੇ ਛਿਣ ਵਿਚ ਹੀ ਚੇਤਨਾ ਅਨੰਤ ਕਾਲ ਪਿਛਾਂਹ ਨੂੰ ਉਸ ਅਵਸਥਾ ਵਿਚ ਪਹੁੰਚ ਗਈ ਜਾਪੀ ਜਿਹੜੀ ਅਵਸਥਾ ਕਾਲ ਅਤੀਤ ਪਰਤੀਤ ਹੁੰਦੀ ਤੇ ਜਿਸ ਨੂੰ ਗੁਰੂ ਨਾਨਕ ਨੇ 'ਅਰਬਦ ਨਰਬਦ ਧੁੰਧੂਕਾਰੇ ਵਿਚ ਧੁੰਨ ਸਮਾਧ' ਆਖਿਆ ਹੈ। ਉਸ ਧੁੰਧੂਕਾਰ ਵਿਚ ਸਭ ਸੁੰਨ ਸਮਾਧ ਲਗ ਰਿਹਾ ਸੀ।

'ਮਹਾਂ ਗੁਨਸ' ਗਿਰੀ ਸੰਕਟ ਵਿਚੋਂ ਲੰਘਣ ਦੇ ਇਹੋ ਜਿਹੇ ਕੁਝ ਛਿਣਾਂ ਨੂੰ ਪਰਸਿਧ ਬੰਗਾਲੀ ਘੁਮੱਕੜ ਤੇ ਲੇਖਕ ਪ੍ਰਬੋਧ ਕੁਮਾਰ ਸਾਨਯਾਲ ਨੇ ਵੀ ਮਾਣਿਆ ਹੈ। ਪਰ ਉਸ ਨੇ ਇਕ ਇਹੋ ਜਿਹੀ ਗੱਲ ਵੀ ਲਿਖੀ ਹੈ ਜਿਸ ਨੂੰ ਉਸ ਦਰਰੇ ਵਿਚੋਂ ਅਚਾਨਕ ਇਕ ਵਾਰੀ ਲੰਘਣ ਵਾਲਾ ਵਿਅਕਤੀ ਹੀ ਪੂਰੀ ਤਰ੍ਹਾਂ ਸੱਚ ਮੰਨ ਸਕਦਾ ਹੈ। ਸ੍ਰੀ ਸਾਨਯਾਲ ਨੇ ਲਿਖਿਆ ਹੈ—"ਅਚਾਨਕ ਸਾਡੀ ਰਫਤਾਰ ਰੁਕ ਗਈ। ਕਹਿੰਦੇ ਨੇ ਛੇ ਹਜ਼ਾਰ ਸਾਲ ਪਹਿਲਾਂ ਏਥੇ ਇਕ ਰਿਸ਼ੀ ਹਿਮਾਲੇ ਦੇ ਕਿਸੇ ਇਲਾਕੇ ਵਿਚੋਂ ਆਇਆ ਸੀ। ਉਸ ਨੇ ਮਹਾਂ ਗੁਨਸ ਦੀ ਪ੍ਰਾਕ੍ਰਿਤਕ ਸ਼ੋਭਾ ਵੇਖੀ ਤੇ ਤ੍ਰਭਕ ਕੇ ਰਾਹ ਦੇ ਇਕ ਪਾਸੇ ਖਲੋ ਗਿਆ। ਐਸਾ ਗੜੂੰਦ ਹੋਇਆ ਕਿ ਫਿਰ ਉਹ ਓਥੋਂ ਹਿੱਲ ਨਹੀਂ ਸਕਿਆ ਤੇ ਸਮੇਂ ਨਾਲ ਉਸ ਦੀ ਦੇਹ ਪੱਥਰ ਹੋ ਗਈ। ਰਸਤੇ ਵਿਚ ਇਕ ਥਾਂ ਖੱਬੇ ਪਾਸੇ ਉਸ ਰਿਸ਼ੀ ਦਾ ਦੇਹ ਆਕਾਰ ਪਹਾੜ ਨਾਲ ਏਕਾਕਾਰ ਹੋਇਆ ਦਿੱਸਦਾ ਹੈ। ਅਸੀਂ ਅਵਾਕ ਭੌਂਤਰੇ ਜਿਹੇ ਖੜੇ ਹਾਂ।"(1)

---

(1) ਦੇਵਤਾਤਮਾ ਹਿਮਾਲੈ।



Sri Satguru Jagjit Singh Ji eLibrary NamdhariElibrary@gmail.com

ਮੈਂ ਉਸ ਰਿਸ਼ੀ ਦੀ ਪੱਥਰ ਹੋ ਗਈ ਕਾਇਆ ਵੇਖੀ ਨਹੀਂ। ਉਸ ਬਾਰੇ ਓਦੋਂ ਸੁਣਿਆ ਵੀ ਨਹੀਂ ਸੀ ਹੋਇਆ। ਪਰ ਆਪਣੀ ਚੇਤਨਾ ਵਿਚ ਮੈਂ ਉਸ ਸਥਿਤੀ ਨੂੰ ਕੁਝ ਛਿਣਾਂ ਲਈ ਮਾਣਿਆ ਜ਼ਰੂਰ ਸੀ—ਜਿਸ ਨੇ ਉਸ ਰਿਸ਼ੀ ਨੂੰ ਕੀਲ ਲਿਆ ਸੀ ਤੇ ਉਹ ਦੇਹ ਮੁਕਤ ਹੋ ਕੇ ਉਸ ਜੋਤ ਵਿਚ ਰਲ ਗਿਆ ਸੀ—ਜਿਹੜੀ ਓਥੇ ਸਾਰੇ ਵਿਰਾਟ ਰੂਪ ਵਿਚ ਪੱਸਰੀ ਹੋਈ ਅਨੁਭਵ ਹੋ ਰਹੀ ਸੀ।

ਉਂਜ ਤੇ ਚੇਤਨਾ ਸਾਰੇ ਬ੍ਰਹਿਮੰਡ ਵਿਚ ਹੀ ਵਿਆਪਤ ਹੈ—ਬ੍ਰਹਿਮੰਡ ਦਾ ਕੋਈ ਸੂਖਮ ਤੋਂ ਸੂਖਮ ਕਣ ਵੀ ਪ੍ਰਾਣ ਚੇਤਨਾ ਤੋਂ ਬਿਨਾ ਨਹੀਂ। ਸਾਡੀ ਹਰੇਕ ਦੀ ਚੇਤਨਾ ਉਸੇ ਵਿਰਾਟ ਦਾ ਹੀ ਅੰਗ ਹੈ—ਪਰ ਇਹਨਾਂ ਪਹਾੜਾਂ ਵਿਚ—ਜਿਥੇ ਮਨੁੱਖ ਦਾ ਫੇਰਾ ਬਹੁਤ ਹੀ ਵਿਰਲਾ ਹੈ, ਮਨੁੱਖ ਦੀਆਂ ਭਾਵਨਾਵਾਂ, ਚਿੰਤਾਵਾਂ ਤੇ ਇਛਾਵਾਂ ਦਾ ਸਮੂਹਕ ਦੁੰਦ ਕੋਈ ਨਹੀਂ—ਓਥੇ ਹੈ ਤਾਂ ਕੇਵਲ ਬੇਲਾਗ ਬੇਐਬ ਚੇਤਨਾ। ਪ੍ਰਾਣ ਏਥੇ ਵਿਰਾਟ ਰੂਪ ਵਿਚ ਹੈ, ਪ੍ਰਾਣਿਕ ਸ਼ਕਤੀਆਂ ਵੀ ਏਥੇ ਵਿਰਾਟ ਰੂਪ ਵਿਚ ਹਨ। ਸਾਨੂੰ ਉਹ ਅਪਣੇ ਅਸਲ ਰੂਪ ਵਿਚ ਨਹੀਂ ਦਿਸਦੀਆਂ—ਪਰ ਹੈ ਨੇ। ਸਾਡੀ ਪ੍ਰਾਣਿਕ ਚੇਤਨਾ ਨੂੰ ਉਹ ਹੁੰਗਾਰਾ ਦੇਂਦੀਆਂ ਨੇ। ਤਦੇ ਤਾਂ ਪੱਥਰ ਦੇ ਕਿਸੇ ਛੋਟੇ ਵਡੇ ਆਕਾਰ ਨਾਲ ਜੁੜ ਕੇ, ਬਰਫ ਦੀ ਕਿਸੇ ਦੂਰ ਦਿਸਦੀ ਚਾਦਰ ਦੇ ਹੇਠੋਂ ਨਿਕਲਦੀ ਜਲਧਾਰਾ ਦੇ ਸੰਗੀਤ ਨਾਲ ਇਕ ਸੁਰ ਹੋਕੇ ਸਾਡਾ ਅੰਦਰਲਾ ਨਾਦ ਗੁੰਜਾਰ ਕਰ ਉਠਦਾ ਹੈ। ਉਹ ਸਾਰੀਆਂ ਪ੍ਰਾਣਿਕ ਸ਼ਕਤੀਆਂ ਅਦਿੱਖ ਹੱਥਾਂ ਨਾਲ, ਅਸਫੁਟ ਬੋਲਾਂ ਨਾਲ ਸਾਡੇ ਮਨ-ਪ੍ਰਾਣ ਨੂੰ ਆਨੰਦਿਤ ਕਰਦੀਆਂ ਨੇ। ਕੁਦਰਤ ਦੇ ਇਹਨਾਂ ਸਾਰੇ ਹੁੰਗਾ-ਰਿਆਂ ਰਾਹੀਂ, ਸਾਰੀਆਂ ਸੈਣਤਾਂ ਰਾਹੀਂ, ਸਾਰੇ ਬੋਲਾਂ ਰਾਹੀਂ ਵਿਰਾਟ ਪੁਰਖ ਆਪ ਹੀ ਤਾਂ ਏਥੇ ਸਾਡੇ ਸਨਮੁਖ ਹੁੰਦਾ ਹੈ। ਏਥੇ ਉਹ ਪਰਤੱਖ ਮਹਿਸੂਸ ਹੁੰਦਾ ਹੈ—ਸ਼ਿਵ ਰੂਪ ਵਿਚ ਵੀ ਤੇ ਰੌਦ੍ਰ ਰੂਪ ਵਿਚ ਵੀ।

ਕੁਝ ਹੋਰ ਅਗਾਂਹ ਜਾ ਕੇ ਉਤਰਾਈ ਹੈ—ਫਿਰ ਛੋਟਾ ਮੈਦਾਨ ਤੇ ਚਾਹ-ਪਾਣ ਦੀਆਂ ਤੰਬੂ ਦੁਕਾਨਾਂ। ਓਥੇ ਥੋੜ੍ਹਾ ਰੁਕੇ। ਘੋੜੇ ਨੂੰ ਘਾਹ ਚਰਨ ਲਈ ਛਡ ਦਿੱਤਾ ਤੇ ਆਪ ਅਸਾਂ ਚਾਹ ਛਕੀ।

ਫਿਰ ਚਲੇ ਤਾਂ ਇਕ ਚੜ੍ਹਾਈ ਸਾਹਮਣੇ ਸੀ। ਉਸ ਚੜ੍ਹਾਈ ਉਪਰ ਪਹੁੰਚਦਿਆਂ ਪਹੁੰਚਦਿਆਂ ਫਿਰ ਧੁੰਧ ਹੋ ਗਈ। ਚੁੱਪ ਚੁਪੀਤੇ ਬੱਦਲ ਘਿਰ ਆਏ ਤੇ ਕਿਣਮਿਣ ਕਿਣਮਿਣ ਸ਼ੁਰੂ ਹੋ ਗਈ। ਠੰਢੀ ਬਰਫਾਨੀ ਹਵਾ ਚਲਣ ਲਗੀ। ਚਾਰ ਚੁਫੇਰੇ ਸਨਾਟਾ ਸੀ। ਮੀਂਹ ਵਧਦਾ ਜਾ ਰਿਹਾ ਸੀ ਤੇ ਧੁੰਧ-ਲਕਾ ਵੀ। ਜਾਪਿਆ, ਹੁਣ ਉਹ ਆਪਣੇ ਰੌਦ੍ਰ ਰੂਪ ਵਿਚ ਪ੍ਰਗਟ ਹੋ ਰਿਹਾ ਹੈ। ਇਸੇ ਸੰਸਾਰ ਦਾ ਜੀਵ ਹੀ ਤਾਂ ਹਾਂ ਅੰਤ ਨੂੰ! ਅਜੇ ਪਿਛਲੇ ਜਨਮਾਂ ਦੇ ਕਰਮਭੋਗ ਮੁੱਕੇ ਨਹੀਂ। ਪਰਮ ਆਨੰਦ ਦੇ ਕੁਝ ਛਿਣ ਮਾਣੇ ਜ਼ਰੂਰ ਨੇ ਇਸ ਯਾਤਰਾ ਵਿਚ—ਪਰ ਅਜੇ ਉਹਨਾਂ ਸੰਸਕਾਰਾਂ ਤੋਂ ਮੁਕਤ ਨਹੀਂ ਹੋਇਆ ਸਾਂ ਜਿਹਨਾਂ ਵਿਚ 'ਡਰ' ਵੀ ਹੈ। ਡਰ ਲਗਣ ਲਗਾ ਬਾਰਿਸ਼ ਉਤਰਦੀ ਵੇਖ ਕੇ। ਸੰਨ ੧੯੨੮ ਵਿਚ ਅਮਰ ਨਾਥ ਜਾਂਦੇ ਯਾਤਰੀਆਂ ਨੂੰ ਏਥੇ ਹੀ ਪਹਿਲਾਂ ਬਾਰਿਸ਼, ਫਿਰ ਠੰਢੀ ਬਰਫਾਨੀ ਹਵਾ ਤੇ ਫਿਰ ਬਰਫੀਲੇ ਤੂਫਾਨ ਨੇ ਘੇਰ ਲਿਆ। ਪਹਾੜਾਂ ਦੀਆਂ ਸਿਖਰਾਂ ਤੋਂ ਬਰਫ ਨਦੀਆਂ ਦੇ ਰੂਪ ਵਿਚ ਛਲਕ ਪਈ ਸੀ। ਬਰਫ ਦੀਆਂ ਢਿੱਗਾਂ ਰਿੜ੍ਹ ਆਈਆਂ ਸਨ ਤੇ ਲਗ ਭਗ ਛੇ ਸੌ ਯਾਤਰੀ ਮਾਰੇ ਗਏ ਸਨ।

ਡਰ ਲੱਗਾ ਕਿ ਕਿਧਰੇ ਅੱਜ ਵੀ ਉਹਦਾ ਉਹ ਤਾਂਡਵ ਰੂਪ ਹੀ ਤਾਂ ਨਹੀਂ ਸਾਕਾਰ ਹੋਣ ਲੱਗਾ? ਸ਼ੇਸ਼ ਨਾਗ ਅਜੇ ਢਾਈ ਤਿੰਨ ਕਿਲੋਮੀਟਰ ਦੂਰ ਹੈ। ਇਹੋ ਜਿਹੀ ਉਜਾੜ ਵਿਚ—ਜਿੱਥੇ ਮਨੁੱਖ ਨਹੀਂ, ਪੰਛੀ ਨਹੀਂ, ਬਿਰਛ ਨਹੀਂ, ਕੋਈ ਓਹਲਾ ਨਹੀਂ—ਛੋਟਾ ਜਿਹਾ ਡਰ ਵੀ ਵਿਰਾਟ ਰੂਪ ਧਾਰ ਕੇ ਵਿਖਾਈ ਦੇਂਦਾ ਏ। ਉਹ ਮੈਨੂੰ ਵੀ ਦਿੱਸਣ ਲੱਗਾ। ਪਰ ਅਸਲ ਵਿਚ ਇਹੋ ਜਿਹੇ ਡਰ ਵਾਲੀ ਅਜੇ ਕੋਈ ਗੱਲ ਨਹੀਂ ਸੀ। ਬਾਰਿਸ਼ ਹੋ ਜ਼ਰੂਰ ਰਹੀ ਸੀ ਪਰ ਥੋੜ੍ਹੀ ਥੋੜ੍ਹੀ। ਮਨ ਵਿਚ ਫਿਰ ਵਿਚਾਰ ਆਇਆ, 'ਹੋਰ ਚਾਹੀਦਾ ਵੀ ਕੀ ਏ। ਜੇ ਉਹ ਰੌਦ੍ਰ ਰੂਪ ਵਿਚ ਏਥੇ ਹੀ ਪ੍ਰਗਟ ਹੋ ਕੇ ਨਿਬੇੜਾ ਕਰ ਦੇਂਦਾ ਏ ਤਾਂ ਏਸ ਤੋਂ ਚੰਗਾ ਅੰਤ ਹੋਰ ਕੀ ਹੋ ਸਕਦਾ ਏ? ਜੀਵਨ ਵਿਚ ਜਿੰਨੀਆਂ ਕੁ ਜ਼ਿਮੇਵਾਰੀਆਂ, ਜਿੰਨੀਆਂ ਕੁ ਇੱਛਾਵਾਂ ਤੇ ਪ੍ਰਾਪਤੀਆਂ ਕੋਈ ਆਪਣੇ ਲਈ ਤਜਵੀਜ਼ ਕਰ ਸਕਦਾ ਏ ਉਹ ਸਭ ਤਾਂ ਹੋ ਚੁਕੀਆਂ। ਕੁਝ ਸਿਰੇ ਚੜ੍ਹ ਗਈਆਂ ਨੇ ਤੇ ਬਾਕੀਆਂ ਲਈ ਗੁੰਜਾਇਸ਼ ਕੋਈ ਨਹੀਂ ਰਹੀ ਕਾਲ ਨਘਾਰ ਗਿਆ ਏ ਉਨ੍ਹਾਂ ਲਈ ਮਿਥੇ ਨਿਸਚਿਤ ਦਿਨਾਂ ਨੂੰ। ਫਿਰ ਬਾਕੀ ਕੀ ਏ? ਅੰਦਰੋਂ ਹੀ ਜਵਾਬ ਆਇਆ, 'ਬਾਕੀ ਤੇ ਕੁਝ ਵੀ ਨਹੀਂ।' 'ਤਾਂ ਫਿਰ ਚਿੰਤਾ ਕਿਹੀ? ਡਰ ਕਿਹਾ? ਤਿਆਰ ਰਹੁ ਉਸ ਦੇ ਰੌਦ੍ਰ ਰੂਪ ਵਿਚ ਦਰਸ਼ਨਾਂ ਲਈ।'

ਮਨ ਸ਼ਾਂਤ ਹੋ ਗਿਆ। ਫਿਰ ਕਲਪਨਾ ਜਾਗੀ ਉਸ ਦੇ ਉਸ ਰੂਪ ਦੀ, ਜਿਸ ਦਾ ਵਰਨਣ ਗੁਰੂ ਦੇਵ ਟੈਗੋਰ ਨੇ ਇਕ ਗੀਤ ਵਿਚ ਕੀਤਾ ਹੈ। ਸੁਤੇ ਹੀ ਉਹ ਗੀਤ ਕੰਠ ਵਿਚੋਂ ਨਿਕਲਣ ਲਗਾ—

"ਜੇ ਰਾਤੇ ਮੋਰ ਦੁਆਰ ਗੁਲੀ ਭਾਂਗਲੋ ਝੋੜੇ,
ਜਾਣੀ ਨਾਈ ਜੇ ਤੁਮੀ ਏਲੇ, ਆਮਾਰ ਘੋਰੇ...।"

(ਜਿਸ ਰਾਤ ਮੇਰੇ ਦਰਵਾਜ਼ੇ ਤੂਫਾਨ ਨੇ ਭੰਨ ਦਿੱਤੇ ਸਨ—ਹੇ ਪ੍ਰਭੂ, ਮੈਂ ਨਹੀਂ ਸਾਂ ਜਾਣਦਾ ਕਿ ਤੂੰ ਹੀ ਮੇਰੇ ਘਰ ਆਇਆ ਸੈਂ..।)


Sri Satguru Jagjit Singh Ji eLibrary NamdhariElibrary@gmail.com

ਜੇ ਸਚਮੁਚ ਹੀ ਤੂਫਾਨ ਆ ਜਾਂਦਾ, ਬਰਫ਼ ਦਾ ਝੱਖੜ ਝੁੱਲ ਪੈਂਦਾ ਹੈ, ਪਰਬਤ ਡੁਲ੍ਹ ਪੈਂਦੇ, ਘਾਹ ਦੇ ਤਿਣਕੇ ਵਾਂਗ ਮੈਂ ਉਡਦਾ, ਡਬਦਾ, ਤੁਰਦਾ—ਤਾਂ ਪਤਾ ਨਹੀਂ ਕਿਹੋ ਜਿਹਾ ਲਗਦਾ ਉਸ ਵੇਲੇ,ਪਰ ਇਸ ਵੇਲੇ ਮੈਂ ਉਸੇ ਦੇ ਦਿੱਤੇ ਆਨੰਦ ਵਿਚ ਗਾ ਰਿਹਾ ਸਾਂ। ਬਾਰਿਸ਼ ਹੋ ਰਹੀ ਸੀ ਥੋੜ੍ਹੀ-ਥੋੜ੍ਹੀ—ਪਰ ਮੈਨੂੰ ਲਗਾ ਜਿਵੇਂ ਪਰਬਤੀ ਸੌਂਦਰਯ ਆਪਣੀਆਂ ਸੰਪੂਰਨ ਕਲਾਵਾਂ ਨਾਲ ਮੇਰੇ ਚਾਰ ਚੁਫੇਰੇ ਵਿਆਪਤ ਹੈ—ਤੇ ਮੇਹਰਾਂ ਦਾ ਮੀਂਹ ਬਰਸ ਰਿਹਾ ਹੈ।

ਡੰਡੀ ਹੌਲੀ ਹੌਲੀ ਸੌੜੀ ਹੁੰਦੀ ਗਈ। ਉਤਰਾਈ ਤੇ ਸਾਂ। ਇਕ ਬੰਨੇ ਪਰਬਤ ਸੀ, ਦੂਜੇ ਪਾਸੇ ਹੇਠਾਂ ਗਲੇਸ਼ੀਅਰ ਤੇ ਉਨ੍ਹਾਂ ਵਿਚੋਂ ਥਾਂ ਥਾਂ ਤੋਂ ਨਿਕਲਦੀ ਧਾਈਆਂ ਕਰ ਕਰ ਜਾਂਦੀ ਨਦੀ। ਫਿਰ ਉਹ ਗਲੇਸ਼ੀਅਰ ਆਇਆ ਜਿਸ ਦੇ ਉਪਰੋਂ ਲੰਘ ਕੇ ਨਦੀ ਪਾਰ ਕਰਨੀ ਸੀ। ਪਾਰ ਹੁੰਦਿਆਂ ਹੀ—ਸਾਹਮਣੇ ਨਦੀ ਦੇ ਦੋਹੀਂ ਪਾਸੀਂ ਤੰਬੂਆਂ ਦੀਆਂ ਕਤਾਰਾਂ ਸਨ। ਸ਼ੇਸ਼ ਨਾਗ ਪਹੁੰਚ ਗਏ ਸਾਂ।

ਬੱਚੇ ਨੇ ਇਕ ਸਰਦਾਰ ਜੀ ਦੇ ਤੰਬੂ ਹੋਟਲ ਸਾਹਮਣੇ ਘੋੜਾ ਜਾ ਖਲਿਆਰਿਆ। ਸਰਦਾਰ ਜੀ ਪੰਜਾਹ ਕੁ ਸਾਲ ਦੇ ਲਗਦੇ ਸਨ। ਉਹ ਸਤਿ ਸ੍ਰੀ ਅਕਾਲ ਬੁਲਾ ਕੇ ਅੰਦਰ ਲੈ ਗਏ। ਅੱਗੇ ਪਿੱਛੇ ਦੋ ਤੰਬੂ ਸਨ। ਭੱਠੀ ਉਪਰ ਉਨ੍ਹਾਂ ਦਾ ਭਿਆਲ ਸਰਦਾਰ ਬੈਠਾ ਸੀ। ਅੰਦਰ ਜਾ ਕੇ ਮੈਂ ਆਪਣੇ ਉਪਰੋਂ ਮੋਮਜਾਮਾ ਲਾਹਿਆ। ਉਨ੍ਹਾਂ ਨੇ ਕੰਬਲ ਦਿੱਤਾ ਤੇ ਭੱਠੀ ਵਿਚੋਂ ਅੰਗਿਆਰ ਕਢ ਕੇ ਕਾਂਗੜੀ ਵਿਚ ਰੱਖਕੇ ਕਾਂਗੜੀ ਮੈਨੂੰ ਦੇ ਦਿੱਤੀ। ਮੈਂ ਬੱਚੇ ਨੂੰ ਵਿਦਾ ਕੀਤਾ ਤੇ ਕੰਬਲ ਦੀ ਬੁਕਲ ਮਾਰਕੇ ਨਿੱਘ ਲੈਣ ਲੱਗਾ।

ਘੰਟੇ ਕੁ ਬਾਅਦ ਮੀਂਹ ਰੁਕ ਗਿਆ। ਸਰਦਾਰ ਜੀ ਮੈਨੂੰ ਚਾਹ ਤੇ ਰੋਟੀ ਲਈ ਬਾਰ ਬਾਰ ਪੁਛਦੇ ਰਹੇ ਪਰ ਮੈਂ ਚਾਹੁੰਦਾ ਸਾਂ ਕਿ ਸਾਥੀਆਂ ਦੇ ਆਉਣ ਤੇ ਹੀ ਖਾਣ-ਪਾਣ ਕੀਤਾ ਜਾਵੇ। ਏਨੇ ਵਿਚ ਮੈਂ ਸਰਦਾਰ ਜੀ ਨੂੰ ਪੁਛ ਵੀ ਲਿਆ ਕਿ ਉਹ ਰਾਤ ਰਹਿਣ ਦਾ ਪ੍ਰਤੀ ਵਿਅਕਤੀ ਕੀ ਲੈਣਗੇ।

"ਤੁਹਾਡੇ ਕੋਲੋਂ ਪੰਝੀ ਰੁਪਏ ਇਕ ਆਦਮੀ ਦੇ ਹਿਸਾਬ ਲਵਾਂਗੇ। ਖਾਣਾ ਇਕ ਡੰਗ ਦਾ ਲਗਭਗ ਦਸ ਪੰਦਰਾਂ ਰੁਪਏ ਤੇ ਚਾਹ ਦੇ ਦੋ ਰੁਪਏ ਪਿਆਲੀ ਪਿਛੇ।"

"ਪਰ ਅਸੀਂ ਤਾਂ ਰਾਤ ਰਹਿਣ ਦੇ ਦਸ ਰੁਪਏ ਸੁਣਦੇ ਆਏ ਆਂ।"

"ਨਹੀਂ ਜੀ, ਦਸ ਰੁਪਏ ਕੌਣ ਲੈਂਦਾ ਏ। ਮੈਂ ਪਹਿਲਾਂ ਈ ਤੁਹਾਨੂੰ ਘੱਟ ਤੋਂ ਘੱਟ ਦਸੇ ਨੇ ਗੁਰਮੁਖ ਜਾਣਕੇ।"

ਮੈਂ ਕੋਈ ਹਾਂ ਨਾਂਹ ਕਰਨ ਤੋਂ ਬਿਨਾਂ ਹੀ ਉੱਠਕੇ ਪਿਛਾਂਹ ਨੂੰ ਤੁਰ ਪਿਆ। ਸਰਦਾਰ ਜੀ ਨੇ ਫਿਕਰ ਜਿਹੇ ਨਾਲ ਹੀ ਪੁਛਿਆ, "ਕਿੱਥੇ ਚੱਲੇ ਓ ?"

"ਮੈਂ ਆਪਣੇ ਸਾਥੀਆਂ ਦਾ ਪਤਾ ਲਵਾਂ—ਉਹ ਕਿਧਰੇ ਪਾਛਲੇ ਤੰਬੂਆਂ ਵਲ ਹੀ ਨਾ ਚਲੇ ਗਏ ਹੋਣ।" ਕਹਿ ਕੇ ਮੈਂ ਹੌਲੀ ਹੌਲੀ ਗਲੇਸ਼ੀਅਰ ਤੇ ਪਹੁੰਚ ਗਿਆ। ਓਧਰੋਂ ਮੇਰੇ ਸਾਥੀ ਵੀ ਪਹੁੰਚ ਪਏ। ਮੈਂ ਉਨ੍ਹਾਂ ਨੂੰ ਤੰਬੂਆ ਬਾਰੇ ਦੱਸਿਆ ਤੇ ਕਿਹਾ ਕਿ "ਕਿਸੇ ਹੋਰ ਤੰਬੂ ਵਾਲੇ ਨੂੰ ਵੀ ਪੁੱਛ ਲਈਏ।"

ਪੁਛਦਿਆਂ ਪੁਛਦਿਆਂ ਹਰ ਤੰਬੂ ਵਾਲਾ ਹੀ ਤੀਹ ਪੈਂਤੀ ਤੋਂ ਸ਼ੁਰੂ ਹੋ ਕੇ ਦਸ ਰੁਪਏ ਪ੍ਰਤੀ ਵਿਅਕਤੀ ਤੇ ਆਣ ਖਲੋਵੇ। ਅਸਾਂ ਥੋੜ੍ਹਾ ਮਜ਼ਾ ਲੈਣ ਲਈ ਹੀ ਕਿਹਾ, "ਅਸੀਂ ਤਾਂ ਪੰਜ ਪੰਜ ਰੁਪਏ ਦਿਆਂਗੇ।"

ਉਹ ਉਸ ਲਈ ਵੀ ਤਿਆਰ ਹੋ ਗਏ ਤੇ ਫਟਾ ਫਟ ਬਿਸਤਰੇ ਵਿਛਾਣੇ ਸ਼ੁਰੂ ਕਰ ਦਿੱਤੇ। ਮੈਂ ਡਾ: ਮਨਜੀਤ ਨੂੰ ਕਿਹਾ, "ਮੇਰਾ ਥੈਲਾ ਤਾਂ ਸਰਦਾਰ ਜੀ ਕੋਲ ਹੀ ਪਿਆ ਏ, ਉਹਨਾਂ ਨੂੰ ਵੀ ਇਕ ਵਾਰੀ ਪੁੱਛ ਹੀ ਲਓ।"

ਜਾ ਕੇ ਸਰਦਾਰ ਜੀ ਨਾਲ ਗੱਲ ਕੀਤੀ। ਉਹ ਦੂਰੋਂ ਸਭ ਕੁਝ ਵੇਖ ਹੀ ਰਹੇ ਸਨ—ਸੋ ਉਨ੍ਹਾਂ ਨੇ ਬਿਨਾਂ ਕਿਸੇ ਤਰ੍ਹਾਂ ਦੀ ਨਾਂਹ ਨੁਕਰ ਦੇ—ਕਿਹਾ, "ਅਸੀਂ ਤੁਹਾਥੋਂ ਪੰਜ ਪੰਜ ਰੁਪਏ ਹੀ ਲੈ ਲਾਂਗੇ।" ਅਸਾਂ ਆਪਸ ਵਿਚ ਇਕ ਦੂਜੇ ਵੱਲ ਹੈਰਾਨੀ ਨਾਲ ਤਕਿਆ ਤੇ ਬਾਕੀ ਦੇ ਦੋਵੇਂ ਥੈਲੇ ਵੀ ਓਥੇ ਹੀ ਟਿਕਾ ਦਿੱਤੇ। ਫਿਰ ਦੁਪਹਿਰ ਦਾ ਭੋਜਨ ਛਕਿਆ ਤੇ ਟਹਿਲਦੇ ਟਹਿਲਦੇ ਝੀਲ ਵੱਲ ਨੂੰ ਚਲੇ ਗਏ। ਸਾਰਾ ਬਾਜ਼ਾਰ ਪਾਰ ਕਰਨ ਤੇ ਰਸਤੇ ਤੋਂ ਹੇਠਾਂ ਖੱਬੇ ਪਾਸੇ ਵਿਸ਼ਾਲ ਝੀਲ ਸੀ। ਗਹਿਰੇ ਨੀਲੇ ਨਿਰਮਲ ਜਲ ਵਿਚ ਉਸਦੇ ਨਾਲ ਲਗਦੇ ਪਹਾੜ ਤੇ ਬੱਦਲਾਂ ਦੇ ਪਰਛਾਵੇਂ ਸਾਫ਼ ਦਿੱਸ ਰਹੇ ਸਨ। ਝੀਲ ਵਿਚ ਇਕ ਪਾਸਿਓਂ ਨਦੀ ਦਾ ਜਲ ਲੈ ਰਿਹਾ ਸੀ ਤੇ ਉਪਰੋਂ ਪਹਾੜ ਉਪਰਲੇ ਗਲੇਸ਼ੀਅਰ ਖੁਰ ਖੁਰ ਕੇ ਝਲਾਰਾਂ ਰਾਹੀਂ ਹੇਠਾਂ ਡਿਗ ਰਹੇ ਸਨ। ਝੀਲ ਲੰਬਾਈ ਵਿਚ ਬਹੁਤ ਦੂਰ ਤਕ ਫੈਲੀ ਹੋਈ ਸੀ ਤੇ ਚੌੜਾਈ ਵਿਚ ਕੁਝ ਘੱਟ। ਝੀਲ ਦੇ ਕੰਢੇ ਉਪਰ ਕਿਸੇ ਬਦੇਸ਼ੀ ਯਾਤ੍ਰੀ ਦਾ ਰੰਗ ਬਿਰੰਗਾ ਤੰਬੂ ਵੀ ਦਿੱਸਦਾ ਸੀ ਤੇ ਬੌਣੇ ਜਿਹੇ ਲਗਦੇ ਕੁਝ ਵਿਅਕਤੀ ਵੀ ਟੁਰਦੇ ਫਿਰਦੇ ਨਜ਼ਰ ਆ ਰਹੇ ਸਨ। ਡਾ: ਮਨਜੀਤ ਤੇ ਰਾਮ ਕ੍ਰਿਸ਼ਨ ਹੌਲੀ ਹੌਲੀ ਹੇਠਾਂ ਝੀਲ ਵੱਲ ਨੂੰ ਉਤਰਦੇ ਗਏ ਪਰ ਮੈਂ ਥੋੜ੍ਹੀ ਦੂਰ ਤਕ ਜਾਕੇ ਰੁਕ ਗਿਆ। ਕੁਝ ਚਿਰ ਓਥੇ ਹੀ ਬੈਠਾ ਤੇ ਫਿਰ ਉਪਰ ਰਸਤੇ ਦੇ ਕਿਨਾਰੇ ਇਕ ਪੱਥਰ ਉਪਰ ਆਸਣ ਲਗਾ ਲਿਆ। ਉਪਰੋਂ ਝੀਲ ਨੂੰ ਵੇਖਣ ਦਾ ਕੁਝ ਵਧੇਰੇ ਹੀ ਮਜ਼ਾ ਸੀ। ਏਥੋਂ ਚਾਰ ਚੁਫੇਰੇ ਪਹਾੜ ਵੀ ਮੇਰੀ ਨਜ਼ਰ ਦੀ ਪਹੁੰਚ ਵਿਚ ਸਨ ਤੇ ਝੀਲ ਦਾ ਜਲ ਵੀ। ਓਦੋਂ ਤੱਕ ਪਹਿਲਗਾਓਂ ਅਤੇ ਚੰਦਨ ਵਾੜੀ ਤੋਂ ਸਵੇਰ ਦੇ


Sri Satguru Jagjit Singh Ji eLibrary NamdhariElibrary@gmail.com

ਚੱਲੇ ਅਮਰ ਨਾਥ ਦੇ ਯਾਤ੍ਰੀ ਵੀ ਪਹੁੰਚਣੇ ਸ਼ੁਰੂ ਹੋ ਗਏ ਸਨ। ਇਕ ਸੌ ਇਸਤ੍ਰੀ ਪੁਰਸ਼ਾਂ ਦਾ ਇਕ ਜਥਾ ਤੇ ਦਿੱਲੀ ਤੋਂ ਹੀ ਆਇਆ ਸੀ—ਜਿਸ ਨੂੰ ਕਿਸੇ ਪ੍ਰਾਪਰਟੀ ਡੀਲਰ ਸ਼ਰਮਾ ਜੀ ਨੇ ਆਪਣੇ ਖ਼ਰਚੇ ਤੇ ਲਿਆਂਦਾ ਸੀ। ਇਹ ਸ਼ਰਮਾ ਜੀ ਇਹੋ ਜਿਹੇ ਜਥੇ ਦੂਸਰੇ ਤੀਰਥਾਂ ਤੇ ਵੀ ਲੈ ਜਾਂਦੇ ਹਨ, ਇਸ ਵਾਰ ਉਹ ਅਮਰ ਨਾਥ ਦੀ ਯਾਤ੍ਰਾ ਕਰਵਾਣ ਦਾ ਪੁੰਨ ਖਟ ਰਹੇ ਸਨ। ਕੁਝ ਬੰਗਾਲੀ ਯਾਤ੍ਰੀਆਂ ਦੇ ਛੋਟੇ ਛੋਟੇ ਗਰੁਪ ਸਨ। ਸਾਰੇ ਯਾਤ੍ਰੀ ਹੀ ਅਸੰਭਵ ਚੜ੍ਹਾਈਆਂ ਦੀ ਅਗਨੀ ਪਰੀਖਸ਼ਾ ਵਿਚੋਂ ਲੰਘਕੇ ਆ ਰਹੇ ਸਨ—ਭਾਵੇਂ ਘੋੜਿਆਂ ਤੇ ਸਨ, ਡਾਂਡੀਆਂ ਤੇ ਸਨ ਜਾਂ ਪੈਦਲ। ਸ਼ੇਸ਼ ਨਾਗ ਤਕ ਪਹੁੰਚਦਿਆਂ ਪਹੁੰਚਦਿਆਂ ਹਰ ਕੋਈ ਬੇਹਾਲ ਸੀ। ਇਕ ਵੀਹ ਕੁ ਸਾਲ ਦਾ ਗਭਰੂ ਸਾਹੋ ਸਾਹ ਹੋਇਆ ਬੜੇ ਭੋਲੇ ਭਾ ਨਾਲ ਆਪਣੇ ਸਾਥੀ ਨੂੰ ਪੁਛਦਾ ਜਾ ਰਿਹਾ ਸੀ—"ਇਹ ਭੋਲੇ ਨਾਥ ਏਨੇ ਉੱਚੇ ਪਹਾੜ ਉਤੇ ਡੇਰਾ ਕਿਉਂ ਜਾ ਲਾਉਂਦੇ ਨੇ ?"

ਕੁਝ ਯਾਤਰੀਆਂ ਨੇ ਮੈਨੂੰ ਪੁੱਛਿਆ, "ਤੁਹਾਨੂੰ ਸ਼ੇਸ਼ ਨਾਗ ਦੇ ਦਰਸ਼ਨ ਹੋਏ ਨੇ ?"

"ਨਹੀਂ।"

"ਪਰ ਸਾਨੂੰ ਤੇ ਹੋਏ ਨੇ, ਪਰਤੱਖ, ਛੇ ਸਿਰਾਂ ਵਾਲੇ "ਸ਼ੇਸ਼ ਨਾਗ ਦੇ। ਅਸੀਂ ਤੇ ਬੜੀ ਦੂਰ ਤੋਂ ਈ ਦਰਸ਼ਨ ਕਰਦੇ ਆ ਰਹੇ ਆਂ। ਕਈ ਵਾਰੀ ਸ਼ੇਸ਼ ਨਾਗ ਨੇ ਸਿਰ ਬਾਹਰ ਕੱਢ ਕੇ ਕਰਸ਼ਨ ਦਿੱਤੇ ਨੇ।"

"ਤਾਂ ਤੁਹਾਡੀ ਯਾਤਰਾ ਤੇ ਸਫਲ ਹੋ ਗਈ, ਭਾਗਾਂ ਵਾਲੇ ਓ। ਪਰ ਮੈਨੂੰ ਤੇ...ਸ਼ਾਇਦ ਮੇਰੀ ਭਾਵਨਾ ਹੀ..., ਮੈਨੂੰ ਤੇ ਸ਼ਿਵਲਿੰਗ ਦੇ ਦਰਸ਼ਨ ਵੀ ਨਹੀਂ ਹੋਏ ਤੇ ਨਾ ਹੀ ਕਬੂਤਰਾਂ ਦੇ..., ਮੈਂ ਆਖਿਆ।

"ਸ਼ਿਵਲਿੰਗ ਦੇ ਵੀ ਨਹੀਂ ? ਸ਼ਿਵਲਿੰਗ ਹੈ ਵੀ ਨਹੀਂ ਸੀ ?"

"ਮੈਨੂੰ ਤੇ ਨਹੀਂ ਲੱਭਾ।"

ਉਹ ਵਿਚਾਰੇ ਕੁਝ ਨਿਰਾਸ਼ ਜਿਹੇ ਹੋ ਗਏ ਇਹ ਗੱਲ ਸੁਣਕੇ। ਪਰ ਮੈਂ ਉਨ੍ਹਾਂ ਦਾ ਭਰਮ ਇਹ ਕਹਿ ਕੇ ਦੂਰ ਕਰ ਦਿੱਤਾ ਕਿ ਮੱਸਿਆ ਦੇ ਦਿਨਾਂ ਵਿਚ ਸ਼ਿਵਲਿੰਗ ਦੀ ਬਰਫ਼ ਖੁਰ ਜਾਂਦੀ ਏ, ਪੁੰਨਿਆਂ ਨੂੰ ਦਰਸ਼ਨ ਹੁੰਦੇ ਨੇ।" ਉਨ੍ਹਾਂ ਨੂੰ ਆਪਣੇ ਭਾਗਾਂ ਬਾਰੇ ਸ਼ੰਕਾ ਹਟ ਜਾਂਦੀ। ਕੁਦਰਤ ਅਗੇ ਤਾਂ ਕੋਈ ਜ਼ੋਰ ਨਹੀਂ ਨਾ।

ਕੁਝ ਚਿਰ ਬਾਅਦ ਡਾ: ਮਨਜੀਤ ਤੇ ਰਾਮ ਕ੍ਰਿਸ਼ਨ ਦੇ ਉਪਰ ਆਉਣ ਤੇ ਮੈਂ ਕਿਹਾ, "ਮੈਂ ਤੇ ਬਹੁਤ ਦੂਰ ਉਪਰ ਹੀ ਬੈਠਾ ਸਾਂ ਸ਼ਾਇਦ ਇਸ ਲਈ ਨਜ਼ਰ ਨਾ ਆ ਸਕਿਆ ਹੋਵੇ, ਤੁਸੀਂ ਤੇ ਝੀਲ ਦੇ ਕੰਢੇ ਪਾਣੀ ਦੇ ਕੋਲ ਬੈਠੇ ਰਹੇ ਓ, ਸ਼ੇਸ਼ ਨਾਗ ਵੇਖਿਆ ਜੇ ?"

"ਨਹੀਂ, ਸਾਨੂੰ ਤੇ ਕਿਤੇ ਨਹੀਂ ਦਿੱਸਿਆ। ਅਸੀਂ ਝੀਲ ਦੇ ਪਾਣੀ ਦੇ ਆਸ ਪਾਸ ਹੀ ਤੇ ਬੈਠੇ ਜਾਂ ਘੁੰਮਦੇ ਰਹੇ ਆਂ।"

ਏਥੇ ਇਹ ਗੱਲ ਮੰਨੀ ਪਰਮੰਨੀ ਹੈ ਕਿ ਪੁੰਨ ਆਤਮਾ ਯਾਤ੍ਰੀਆਂ ਨੂੰ ਉਸ ਸ਼ੇਸ਼ ਨਾਗ ਦੇ ਦਰਸ਼ਨ ਜ਼ਰੂਰ ਹੁੰਦੇ ਨੇ ਜਿਸਨੂੰ ਸ਼ਿਵਜੀ ਮਹਾਰਾਜ ਅਮਰ ਨਾਥ ਜਾਂਦੇ ਹੋਏ ਝੀਲ ਵਿਚ ਛੱਡ ਗਏ ਸਨ।

ਰਾਤ ਪੈਣ ਤੇ ਅਸੀਂ ਤੰਬੂ ਵਿਚ ਵਾਪਸ ਪਰਤੇ। ਸਰਦਾਰ ਜੀ ਨੇ ਭੋਜਨ ਬਣਾ ਕੇ ਛਕਾਇਆ ਤੇ ਪਿਛਲੇ ਤੰਬੂ ਵਿਚ ਬਿਸਤਰੇ ਲਗਾ ਦਿੱਤੇ। ਪਿਛਲਾ ਤੰਬੂ ਨਦੀ ਦੇ ਬਿਲਕੁਲ ਕੰਢੇ ਉਪਰ ਸੀ। ਇਸ ਲਈ ਸਾਰੀ ਰਾਤ ਨਦੀ ਦੀ ਗਰਜਨਾ ਸੁਣਾਈ ਦੇਂਦੀ ਰਹੀ।

ਸਵੇਰੇ ਅਸੀਂ ਜਲਦੀ ਹੀ ਤਿਆਰ ਹੋ ਗਏ। ਅੱਜ ਸਾਡਾ ਇਰਾਦਾ ਸੀ ਕਿ ਪਹਿਲਗਾਓਂ ਜਾ ਕੇ ਰਾਤ ਰਹੀਏ। ਮੇਰਾ ਅੱਜ ਘੋੜਾ ਕਰਨ ਦਾ ਕੋਈ ਪ੍ਰੋਗਰਾਮ ਨਹੀਂ ਸੀ। ਰਸਤਾ ਜਾਂ ਤੇ ਸਮਤਲ ਸੀ ਜਾਂ ਉਤਰਾਈ ਵਾਲਾ—ਇਸ ਲਈ ਪੈਦਲ ਚਲਣ ਦਾ ਹੀ ਫ਼ੈਸਲਾ ਕੀਤਾ ਤੇ ਸ਼ਾਹ ਵੇਲੇ ਦੇ ਪਰਾਉਂਠੇ-ਚਾਹ ਛੱਕ ਕੇ ਪੈਂਡੇ ਪੈ ਗਏ।

ਰਸਤੇ ਵਿਚ ਝੀਲ, ਝਰਣੇ ਤੇ ਬਰਫਾਂ ਲਦੀਆਂ ਪਹਾੜੀ ਚੋਟੀਆਂ ਸਾਨੂੰ ਵੰਗਾਰ ਵੰਗਾਰ ਕੇ ਕਹਿੰਦੀਆਂ ਪਰਤੀਤ ਹੋ ਰਹੀਆਂ ਸਨ ਕਿ "ਬਸ ! ਏਨੀ ਹੀ ਮੁਹੱਬਤ ਸੀ ਸਾਡੇ ਨਾਲ ! ਭੱਜੇ ਕਿਉਂ ਜਾਂਦੇ ਓ ਆਪਣੀ ਉਸੇ ਰੌਲੇ ਗੌਲੇ ਤੇ ਮਾਰ ਧਾੜ ਵਾਲੀ ਦੁਨੀਆਂ ਵਿਚ !" ਅਸੀਂ ਮੁੜ ਮੁੜ ਉਸ ਵੰਗਾਰ ਨੂੰ ਸੁਣਦੇ, ਚਾਰ ਚੁਫੇਰੇ ਲਲਚਾਈਆਂ ਨਜ਼ਰਾਂ ਨਾਲ ਉਸ ਇਲਾਹੀ ਸੌਂਦਰਯ ਵੱਲ ਤਕਦੇ ਤੇ ਫਿਰ ਚਲ ਪੈਂਦੇ। ਉਸ ਹਾਲਤ ਵਿਚ ਇਹੋ ਗੱਲ ਸਮਝ ਵਿਚ ਆ ਰਹੀ ਸੀ—'ਨਕ ਨੱਥ ਖਸਮ ਹੱਥ...।' ਜਿਹੜਾ ਫੜਕੇ ਏਥੇ ਲਿਆਇਆ ਸੀ – ਉਹੋ ਹੀ ਲਿਜਾ ਵੀ ਰਿਹਾ ਹੈ—ਨਾ ਸਾਡੇ ਕੁਝ ਹੱਥ ਵਿਚ ਏ ਨਾ ਤੁਹਾਡੇ। ਛੇ ਕਰੋੜ ਸਾਲ ਪਹਿਲਾਂ ਤੁਸੀਂ—ਇਹ ਹਿਮਾਲੈ—ਵੀ ਏਥੇ ਨਹੀਂ ਸੀ, ਸਮੁੰਦਰ ਵਿਚ ਭੁਚਾਲ ਆਏ ਤੇ ਹਿਮਾਲੈ ਉਗ ਆਇਆ ਉਸ ਵਿਚੋਂ। ਕੌਣ ਜਾਣੇ ਕਿਸ ਦੀ ਇੱਛਾ ਨਾਲ, ਕਿਸ ਦੀ ਰਜ਼ਾ ਵਿਚ ਇਹ ਹਿਮਾਲੈ—ਏਥੇ ਜੰਮਿਆ ਪਿਆ ਹੈ। ਉਦੋਂ ਤੋਂ ਤੁਸੀਂ ਇਸ ਹਿਮਾਲੈ ਕਿਸੇ ਅਹੱਲਿਆ ਵਾਂਗ ਕਿਸੇ ਐਸੇ ਦੀ ਚਰਨ ਛੋਹ ਲਈ ਉਡੀਕ ਵਿਚ ਓ—ਜਿਹੜਾ ਇਹਦੀ ਕਾਇਆ ਮੁਕਤੀ ਕਰ ਦੇਵੇ। ਕੌਣ ਜਾਣੇ ਕਿਸ ਨੇ ਤੇ ਕਦੋਂ ਫਿਰ ਸਭ ਬਦਲ ਦੇਣਾ ਏ। ਪਤਾ ਨਹੀਂ ਕਿੰਨੀ ਵਾਰੀ ਅਸੀਂ ਏਥੇ ਆਏ ਤੇ ਗਏ, ਇਹ ਵੀ ਪਤਾ ਨਹੀਂ ਕਿੰਨਾ ਕਿੰਨਾ ਸਮਾਂ ਅਸੀਂ ਵੀ ਇਸੇ ਹਿਮਾਲੈ ਦੇ ਅਣੂ ਰੂਪੀ ਅੰਗ ਰਹੇ ਹੋਵਾਂਗੇ—ਸ਼ਾਇਦ ਏਸੇ ਲਈ



Sri Satguru Jagjit Singh Ji eLibrary NamdhariElibrary@gmail.com

ਉਨ੍ਹਾਂ ਸੰਸਕਾਰਾਂ ਕਰਕੇ ਹੀ ਹਿਮਾਲੇ-ਬਾਰ ਬਾਰ ਬੁਲਾਉਂਦਾ ਹੈ ਤੇ ਅਸੀਂ ਆਉਂਦੇ ਹਾਂ ਜਿਹੜੇ ਲੋਕ ਕਸ਼ਮੀਰ ਨੂੰ ਕਸ਼ਮੀਰ ਬੇਨਜ਼ੀਰ ਜੰਨਤੇ ਕਸ਼ਮੀਰ ਆਖਦੇ ਜਾਂ ਇਹ ਕਹਿੰਦੇ ਨੇ ਕਿ ਧਰਤੀ ਉਪਰ ਜੇ ਸਵਰਗ ਹੈ ਤਾਂ ਕਸ਼ਮੀਰ—ਉਹ ਸਵਰਗ ਜਾਂ ਜੰਨਤ ਸ੍ਰੀ ਨਗਰ ਵਿਚ ਨਹੀਂ—ਅਮਰ ਨਾਥ ਦੇ ਇਨ੍ਹਾਂ ਰਾਹਾਂ ਵਿਚ ਹੈ। ਅਜ ਅਸੀਂ ਉਸੇ ਸਵਰਗ ਲੋਕ ਤੋਂ ਉਤਰ ਕੇ ਮਰਤ ਲੋਕ ਨੂੰ ਜਾ ਰਹੇ ਸਾਂ।

ਚਲਦੇ ਚਲਦੇ ਅਸੀਂ ਪਿੱਸੂ ਟਾਪ ਤੇ ਪਹੁੰਚ ਗਏ। ਖੁਲ੍ਹਾ ਮੈਦਾਨ ਸੀ ਪਹਾੜ ਦੀ ਇਸ ਚੋਟੀ ਉਪਰ। ਚਾਹ ਪਾਣੀ ਦੀਆਂ ਦੁਕਾਨਾਂ ਸਨ। ਮੈਂ ਚਾਹ ਪੀਤੀ, ਰਾਮ ਕ੍ਰਿਸ਼ਣ ਨੇ ਚੌਲ ਖਾਧੇ, ਡਾ: ਮਨਜੀਤ ਨੇ ਪੁਲਿਸ ਵਾਲਿਆਂ ਨਾਲ ਗੱਪ-ਸ਼ਪ ਲੜਾਈ—ਜੰਮੂ ਕਸ਼ਮੀਰ ਦੇ ਮੁਖ ਮੰਤਰੀ ਡਾ: ਫਾਰੂਕ ਅਬਦੁੱਲਾ ਆ ਰਹੇ ਸਨ ਅਮਰ ਨਾਥ ਦੇ ਦਰਸ਼ਨ ਕਰਕੇ। ਤਦੇ ਖਬਰ, ਹੈਲੀਕਾਪਟਰ ਗੜਗੜਾਉਂਦਾ ਸਾਡੇ ਸਿਰਾਂ ਨੂੰ ਛੂਹ ਕੇ ਲੰਘ ਗਿਆ ਜਾਪਿਆ।

ਥੋੜ੍ਹਾ ਕੁ ਹੋਰ ਚਲਣ ਤੇ ਅਸੀਂ ਉਸ ਉਤਰਾਈ ਦੇ ਸਿਰ ਤੇ ਪਹੁੰਚ ਗਏ ਸਾਂ—ਜਿਹੜੀ ਅਮਰ ਨਾਥ ਜਾਣ ਵਾਲਿਆਂ ਲਈ ਬੜੀ ਹੀ ਬੇਦਰਦ ਚੜ੍ਹਾਈ ਦੇ ਰੂਪ ਵਿਚ ਅਗਨੀ ਪਰੀਖਿਆ ਲੈਂਦੀ ਹੈ। ਚਾਰ ਪੰਜ ਕਿਲੋਮੀਟਰ ਇਕੋ ਧੁਰੀ ਉਪਰ ਘੁੰਮੀ ਜਾਣਾ ਹੁੰਦਾ ਹੈ ਇਸ ਪਿੱਸੂ ਟੌਪ ਦੀ ਚੜ੍ਹਾਈ ਜਾਂ ਉਤਰਾਈ ਵੇਲੇ। ਇਕ ਵਾਰੀ ਪੰਡਿਤ ਜਵਾਹਰ ਲਾਲ ਨਹਿਰੂ ਸ਼ੇਸ਼ ਨਾਗ ਦੀ ਝੀਲ ਵੇਖਣ ਲਈ ਜਾਂਦੇ ਹੋਏ ਹੇਠੋਂ ਹੀ ਮੁੜ ਗਏ ਸਨ ਚੜ੍ਹਾਈ ਵੱਲ ਵੇਖ ਕੇ। ਇਸ ਦਾ ਜ਼ਿਕਰ ਕਰਦਿਆਂ ਪ੍ਰਬੋਧ ਕੁਮਾਰ ਸਾਨਯਾਲ ਨੇ 'ਦੇਵਤਾਤਮਾ ਹਿਮਾਲੇ' ਵਿਚ ੨੨ ਅਗਸਤ ੧੯੫੩ ਨੂੰ ਲਿਖਿਆ ਸੀ—"ਦਿਲੀ ਦਾ ਕੁਤਬ ਮੀਨਾਰ ਢਾਈ ਸੌ ਫੁਟ ਉੱਚਾ ਹੈ ਤੇ ਕਲਕਤੇ ਦਾ ਮੌਨੂਮੈਂਟ ਡੇਢ ਸੌ ਫੁਟ। ਪਰ ਇਹ ਜੇ ਤਕਰੀਬਨ ਚਾਰ ਮੀਲ ਉੱਚੇ ਹੁੰਦੇ—ਤਾਂ? ਕੁਤਬ ਮੀਨਾਰ ਦੇ ਅੰਦਰ ਪੌੜੀਆ ਹੈ ਨੇ, ਵਿਚ ਵਿਚ ਸਿੱਧੇ ਹੋ ਕੇ ਖਲੋਤਾ ਜਾ ਸਕਦਾ ਏ। ਏਤੇ ਪੌੜੀਆਂ ਕੋਈ ਨਹੀਂ। ਪਹਾੜੀ ਖੁੰਡੇ ਵੀ ਕੋਈ ਨਹੀਂ, ਢਾਸਨਾ ਲਗਾਉਣ ਲਈ ਥਾਂ ਵੀ ਨਹੀਂ। ਖਲੋਣ ਦੀ ਗੁੰਜਾਇਸ਼ ਨਹੀਂ। ਸਭ ਤੋਂ ਵਡੀ ਮੁਸੀਬਤ ਉਨ੍ਹਾਂ ਲਈ ਏ ਜਿਹੜੇ ਅਜੇ ਪਿਛੇ ਨੇ ਤੇ ਉਪਰ ਚੜ੍ਹ ਰਹੇ ਨੇ। ਘੋੜੇ ਦੇ ਪੈਰ ਦੀ ਠੋਕਰ ਨਾਲ ਜੇ ਇਕ ਪੱਥਰ ਰਿੜ੍ਹ ਜਾਵੇ ਤਾਂ ਉਹ ਇਕ ਹੋਰ ਪੱਥਰ ਨੂੰ ਰੇੜ੍ਹ ਖੜੇਗਾ, ਦੂਜਾ ਪੱਥਰ ਤੀਜੇ ਨੂੰ ਤੇ ਤੀਜਾ ਕਈਆਂ ਹੋਰਨਾ ਨੂੰ। ਇੰਜ ਇਹ ਸਿਲਸਿਲਾ ਜਿਵੇਂ ਹੇਠੋਂ ਆਉਣ ਵਾਲਿਆਂ ਦੀ ਅਣਚਾਹੀ ਮੌਤ ਦਾ ਕਾਰਨ ਬਣ ਸਕਦਾ ਏ—ਉਸ ਬਾਰੇ ਸੋਚਣਾ ਵੀ ਔਖਾ ਲਗਦਾ ਏ। ਕੰਡੋਂ ਦੀ ਇਕ ਡਾਂਡੀ ਵਿਚ ਬੈਠੀ ਇਕ ਬੰਗਾਲੀ ਔਰਤ ਲੰਘੀ। ਦਹਿਸ਼ਤ ਨਾਲ ਉਸ ਦੀਆਂ ਅੱਖਾਂ ਵਿਚੋਂ ਹੰਝੂ ਝਰ ਰਹੇ ਨੇ। ਬੁੜ ਬੁੜ ਕਰਕੇ ਬੋਲ ਰਹੀ ਹੈ, "ਜੈ ਅਮਰ ਨਾਥ! ਜੈ ਬਿਪਤਾ ਹਰਨ ਮਧੂ ਸੂਦਨ!...

"ਦੂਹਰੇ ਹੋ ਕੇ ਅਸਾਂ ਦੋਹਾਂ ਹੱਥਾਂ ਨਾਲ ਘੋੜੇ ਦੇ ਗਲ ਨੂੰ ਜੱਫਾ ਮਾਰਿਆ ਹੋਇਆ ਹੈ। ਖੱਡ ਵੱਲ ਤਕਦੇ ਹੀ ਨਹੀਂ, ਤਕਿਆ ਮਤਾਂ ਦਿਲ ਦੀ ਧੜਕਨ ਬੰਦ ਹੋ ਜਾਏ। ਉਪਰ ਵੱਲ ਵੀ ਨਹੀਂ ਵੇਖ ਸਕਦੇ, ਵੇਖਿਆਂ ਸਿਰ ਨੂੰ ਚੱਕਰ ਆ ਜਾਂਦਾ ਏ।...

"ਤੇਰਾਂ ਚੌਦਾਂ ਸਾਲ ਪਹਿਲਾਂ ਪੰਡਿਤ ਨਹਿਰੂ ਆਏ ਸਨ ਏਥੇ, ਸ਼ੇਸ਼ ਨਾਗ ਦੀ ਤੁਸ਼ਾਰ ਨਦੀ ਵੇਖਣ ਦੀ ਇੱਛਾ ਸੀ ਉਨ੍ਹਾਂ ਦੀ—ਪਰ ਇਹ ਪਿੱਸੂ ਦੀ ਚੜ੍ਹਾਈ ਉਨ੍ਹਾਂ ਦੇ ਰਾਹ ਦੀ ਰੋਕ ਬਣ ਗਈ ਸੀ। ਉਨ੍ਹਾਂ ਦੇ ਨਾਲ ਸਨ ਖਾਨ ਅਬਦੁਲ ਗੁਫ਼ਾਰ ਖਾਂ ਤੇ ਸ਼ੇਖ ਮੁਹੰਮਦ ਅਬਦੁਲਾ। ਪੰਡਿਤ ਜੀ ਨੂੰ ਉਹ ਏਥੋਂ ਹੀ ਮੋੜ ਕੇ ਲੈ ਗਏ ਸਨ...।"

ਇਸੇ ਪਿੱਸੂ ਟੌਪ ਦੀ ਉਤਰਾਈ ਉਤਰਕੇ ਅਸੀਂ ਚੰਦਨਵਾੜੀ ਪਹੁੰਚ ਗਏ। ਦੋ ਤਿੰਨ ਦਿਨਾਂ ਪਿਛੋਂ ਅੱਜ ਫਿਰ ਲੰਮੇ ਉੱਚੇ ਘਣੇ ਬਿਰਛਾਂ ਦੀਆਂ ਕਤਾਰਾਂ ਦਿੱਸੀਆਂ। ਗਲੇਸ਼ੀਅਰ ਦੇ ਬਣੇ ਕੁਦਰਤੀ ਪੁਲ ਉਪਰੋਂ ਦੀ ਲਿੱਦਰ ਨਦੀ ਅਥਵਾ ਨੀਲ ਗੰਗਾ ਪਾਰ ਕੀਤੀ ਤੇ ਤੰਬੂਆਂ ਦੇ ਬਾਜ਼ਾਰ ਵਿਚ ਪਹੁੰਚ ਗਏ।

ਪਰ ਇਨ੍ਹਾਂ ਤੰਬੂਆਂ ਵਿਚ ਕਿਸੇ ਨੂੰ ਸਾਡੇ ਵੱਲ ਤਕਣ ਦੀ ਫੁਰਸਤ ਨਹੀਂ ਸੀ। ਇਹ ਤੰਬੂਆਂ ਵਾਲੇ ਰਖੜ ਪੁੰਨਿਆਂ ਦੀ ਉਡੀਕ ਵਿਚ ਸਨ—ਜਦੋਂ ਇਨ੍ਹਾਂ ਨੇ ਯਾਤਰੀਆਂ ਦੀਆਂ ਜੇਬਾਂ ਹੌਲੀਆਂ ਕਰਨੀਆਂ ਨੇ। ਅੱਜ ਕਲ੍ਹ ਜਿਹੜੇ ਯਾਤਰੀ ਉਪਰੋਂ ਆਉਂਦੇ ਨੇ ਉਹ ਤੁਰੰਤ ਹੀ ਪੰਜਾਹ ਰੁਪਏ ਦੇ ਕੇ ਟੈਕਸੀ ਵਿਚ ਬਹਿ ਕੇ ਅੱਧੇ ਘੰਟੇ ਦੇ ਅੰਦਰ ਅੰਦਰ ਪਹਿਲਗਾਉਂ ਜਾ ਕੇ ਸਾਹ ਲੈਂਦੇ ਨੇ। ਪੁਛਦਿਆਂ ਪੁਛਾਉਂਦਿਆਂ ਇਕ ਹੋਟਲ ਵਾਲਿਆਂ ਨੇ "ਖਾਣਾ ਤਿਆਰ ਹੈ" ਆਖ ਕੇ ਸਾਨੂੰ ਬਿਠਾ ਲਿਆ। ਸਾਡੇ ਬੈਠਿਆਂ ਬੈਠਿਆਂ ਹੀ ਉਨ੍ਹਾਂ ਨੇ ਦੋ ਕੁ ਮੁਠਾਂ ਚੌਲ, ਮੁਠ ਕੁ ਦਾਲ ਤੇ ਸੁਕੇ ਮਟਰਾਂ ਦੀ ਸਬਜ਼ੀ ਅੱਗ ਤੇ ਧਰ ਦਿੱਤੀ—ਤੇ ਏਨਾ ਕੁ ਹੀ ਆਟਾ ਗੁੰਨ੍ਹ ਕੇ ਰੋਟੀਆਂ ਪਕਾਣ ਲਗ ਪਏ। ਉਹ ਚਾਰ ਜਣੇ ਵਾਹੋ ਦਾਹੀ ਲੱਗੇ ਹੋਏ ਸਨ। ਚੌਲ ਕੱਚੇ ਹੀ ਲਾਹ ਲਏ, ਰੋਟੀਆਂ ਘੱਟ ਅੱਗ ਕਾਰਨ ਸੁਕ ਗਈਆਂ, ਦਾਲ ਚਿੱਥੀ ਹੀ ਨਾ ਜਾਏ ਤੇ ਮਟਰ ਦਾ ਜਿਹੜਾ ਦਾਣਾ ਵੇਖੋ—ਕੀੜਿਆਂ ਵਾਲਾ।

ਆਲਾ ਦੁਆਲਾ ਏਥੋਂ ਦਾ ਪਿਛਲੇ ਸਫਰ ਨਾਲੋਂ ਬਿਲਕੁਲ ਵਖਰੀ ਤਰ੍ਹਾਂ ਦਾ ਸੀ। ਨੀਲ ਗੰਗਾ ਦੇ ਨਾਲ ਨਾਲ ਸੜਕ ਤੇ ਸੜਕ ਨਾਲ ਪਹਾੜ। ਲਾਂਭ ਚਾਂਭ ਛੋਟਾ ਮੋਟਾ


Sri Satguru Jagjit Singh Ji eLibrary NamdhariElibrary@gmail.com

ਮੈਦਾਨ। ਦਰਖਤਾਂ ਦੀ ਭਰਮਾਰ ਹੋਣ ਕਰਕੇ ਸਭ ਛਾਂ ਹੀ ਛਾਂ ਸੀ—ਜਿਸ ਕਰਕੇ ਠੰਢ ਲਗਦੀ ਸੀ।

ਉਹ ਭੋਜਨ ਕਰਕੇ ਅਸਾਂ ਬਿਨਾ ਰੁਕਿਆਂ ਪਹਿਲਗਾਉਂ ਨੂੰ ਜਾਣ ਦਾ ਫੈਸਲਾ ਕਰ ਲਿਆ। ਪਰ ਕਿਵੇਂ ਜਾਇਆ ਜਾਵੇ ? ਪੈਦਲ ਹੀ ? ਪੰਜਾਹ ਰੁਪਏ ਦੇ ਕੇ ਟੈਕਸੀ ਵਿਚ ? ਜਾਂ ਘੋੜਿਆਂ ਉਪਰ। ਡਾ: ਮਨਜੀਤ ਤੇ ਰਾਮ ਕ੍ਰਿਸ਼ਨ ਦਾ ਮਨ ਵੀ ਇਕ ਵਾਰੀ ਘੋੜੇ ਦੀ ਸਵਾਰੀ ਕਰਨ ਦਾ ਬਣ ਰਿਹਾ ਸੀ। ਸੋ ਘੋੜਿਆਂ ਵਾਲੇ ਨਾਲ ਗੱਲ ਕੀਤੀ। ਪੰਜਾਹ ਪੰਜਾਹ ਰੁਪਏ ਵਿਚ ਸੌਦਾ ਤੈ ਕਰਕੇ ਤਿੰਨਾਂ ਘੋੜਿਆਂ ਉਪਰ ਬਹਿਕੇ ਅਸੀਂ ਦੋ ਢਾਈ ਘੰਟਿਆਂ ਵਿਚ ਪਹਿਲਗਾਉਂ ਪਹੁੰਚ ਗਏ।

ਸੀ ਬੀ ੧੧ ਹਰੀ ਨਗਰ
ਘੰਟਾ ਘਰ ਨਵੀਂ ਦਿੱਲੀ ੬੪

੧੩-੧੦-੮੮





REPUTED MANUFACTURER OF :

SUPERIOR QUALITY

SINGLE BARREL &

DOUBLE BARREL

B. L. 12 BORE

GUNS

Grams : SNIPER

Phone : 3805

MODERN GUN WORKS

Opp. Industrial Estate,
JAMMU CANTT.




Sri Satguru Jagjit Singh Ji eLibrary NamdhariElibrary@gmail.com

# ਖ਼ ਬ ਰ ਨਾ ਮਾ

## ਸ੍ਰੀ ਟੇਂਬੇ ਦੀ ਸ੍ਰੀ ਭੈਣੀ ਸਾਹਿਬ ਯਾਤਰਾ

ਸ੍ਰੀ ਆਰ. ਡੀ. ਟੇਂਬੇ ਗੁਜਰਾਤ ਸਟੇਟ ਰੀਜ਼ਰਵ ਪੁਲੀਸ ਦੇ ਕਮਾਂਡੈਂਟ ਹਨ ਅਤੇ ਬਟਾਲੀਅਨ ਲੈ ਕੇ ਪੰਜਾਬ ਆਏ ਹੋਏ ਹਨ। ਉਚੇ ਲੰਮੇ ਸ੍ਰੀ ਟੇਂਬੇ ਜਿਥੇ ਕੁਸ਼ਲ ਪੁਲੀਸ ਅਫਸਰ ਹਨ, ਹਾਕੀ ਅਤੇ ਸ਼ਤਰੰਜ ਦੇ ਖਿਲਾੜੀ ਹਨ ਉਥੇ ਉਹ ਸ਼ਾਸਤਰੀ ਗਾਇਨ ਦੇ ਬਹੁਤ ਅਛੇ ਕਲਾਕਾਰ ਹਨ। ਜਲੰਧਰ ਵਿਚ ਉਹਨਾਂ ਦੇ ਆਉਣ ਨਾਲ ਸੰਗੀਤ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਪ੍ਰੋ: ਲਛਮਨ ਸਿੰਘ ਸੀਨ ਜੀ ਦੀ ਪ੍ਰੇਰਨਾ ਨਾਲ ਉਹ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਮੰਗਲਵਾਰ ੧ ਨਵੰਬਰ ਨੂੰ ਸਵੇਰੇ ਪਧਾਰੇ।

ਸਤਿਗੁਰੂ ਜੀ ਦੇ ਸੰਗੀਤ ਕਮਰੇ ਵਿਚ ਉਸ ਵੇਲੇ ਨਾਮਧਾਰੀ ਕਲਾਕਾਰ, ਸ੍ਰੀ ਬਲਜੀਤ ਸਿੰਘ, ਮੋਹਨ ਸਿੰਘ, ਸੁਖਦੇਵਸਿੰਘ ਸਤਿਗੁਰੂ ਜੀ ਨਾਲ ਮਿਲ ਕੇ ਸੰਗੀਤ ਕਾਰਜ ਕਰ ਰਹੇ ਸਨ। ਸੁਖਦੇਵ ਸਿੰਘ ਤਬਲੇ ਤੇ ਪਖਾਵਜ ਵਜਾ ਰਹੇ ਸਨ। ਇਸ ਸਾਰੇ ਮਾਹੌਲ ਤੋਂ ਸ੍ਰੀ ਟੇਂਬੇ ਅਤੇ ਪ੍ਰੋ: ਲਛਮਣ ਸਿੰਘ ਬਹੁਤ ਪ੍ਰਭਾਵਤ ਹੋਏ। ਇਥੇ ਵਜਦੀ ਪਖਾਵਜ ਦੇ ਬੋਲਾਂ ਅਤੇ ਧਰੁਪਦ ਧਮਾਰ ਦੇ ਗਾਇਨ ਨੂੰ ਪ੍ਰੋ: ਲਛਮਣ ਸਿੰਘ ਨੇ ਪੰਜਾਬ ਦੀ ਪੁਰਾਤਨ ਵਿਸ਼ੇਸ਼ ਦੇਣ ਕਿਹਾ ਅਤੇ ਦਸਿਆ ਕਿ ਬਹੁਤ ਲੰਮੇ ਸਮੇਂ ਬਾਦ ਉਹਨਾਂ ਨੇ ਅਜਿਹੀ ਸ਼ੈਲੀ ਵਿਚ ਗਾਇਨ ਸੁਣਿਆ ਹੈ ਜੋ ਸਤਿਗੁਰੂ ਜੀ ਨੇ ਸੁਰਖਿਅਤ ਰਖਿਆ ਹੈ।

ਇਸ ਬਾਦ ਸ੍ਰੀ ਟੇਂਬੇ ਨੇ ਸ਼ਿਵਮਤ ਭੈਰਵ ਵਿਚ ਖਿਆਲ ਪ੍ਰਸਤੁਤ ਕੀਤਾ। ਤਬਲੇ ਤੇ ਸੰਗਤ ਪ੍ਰ: ਲਛਮਨ ਸਿੰਘ ਜੀ ਨੇ ਕੀਤੀ। ਸ਼ਿਵਮਤ ਭੈਰਵ 'ਚ ਦੋਵੇਂ ਗੰਧਾਰ ਅਤੇ ਦੋਵੇਂ ਨਿਸ਼ਾਦ ਲਗਦੇ ਹਨ। ਇਸ ਰਾਗ ਦੀ ਅਵਤਾਰਨਾ ਸ੍ਰੀ ਟੇਂਬੇ ਨੇ ਬਹੁਤ ਕੁਸ਼ਲਤਾ ਨਾਲ ਕੀਤੀ। ਤਾਰ ਸ਼ਹਿਨਾਈ ਤੇ ਸੰਗਤ ਬਲਜੀਤ ਸਿੰਘ ਨੇ ਕੀਤੀ। ਇਸ ਅਵਸਰ ਤੇ ਸਤਿਗੁਰੂ ਜੀ ਦੇ ਹਜ਼ੂਰ ਪ੍ਰਸਿਧ ਸੰਗੀਤਕਾਰ ਉਸਤਾਦ ਪਿਆਰਾ ਸਿੰਘ ਜੀ ਵੀ ਸ਼ਸ਼ੋਭਤ ਸਨ। ਸ੍ਰੀ ਟੇਂਬੇ ਦਾ ਗਾਇਨ ਧੁਰ ਆਤਮਾ ਨੂੰ ਛੂਹਣ ਵਾਲਾ ਸੀ ਅਤੇ ਪਤਾ ਨਾ ਲਗਾ ਕਦੋਂ ਸਮਾਂ ਬਤੀਤ ਹੋ ਗਿਆ ਹੈ। ਸ੍ਰੀ ਟੇਂਬੇ ਮਹਾਰਾਸ਼ਟਰੀਅਨ ਹਨ ਅਤੇ ਸੰਗੀਤ ਦੀ ਸਿਖਿਆ ਉਹਨਾ ਸ੍ਰੀ ਆਰ.ਐਮ. ਕਰਕਰੇ ਅਤੇ ਆਰ. ਡੀ. ਪੋਤਦਾਰ ਤੋਂ ਲਈ ਹੈ ਅਤੇ ਅੱਜ ਤੱਕ ਸੰਗੀਤ ਅਭਿਆਸ ਦੀ ਕ੍ਰਿਆ ਜਾਰੀ ਰਖ ਰਹੇ ਹਨ। ਗਾਇਨ ਉਪਰੰਤ ਸਤਿਗੁਰੂ ਜੀ ਨੇ ਸ੍ਰੀ ਟੇਂਬੇ ਅਤੇ ਸ੍ਰੀ ਲਛਮਨ ਸਿੰਘ ਜੋ ਪੰਜਾਬ ਦੇ ਸੰਗੀਤ ਜਗਤ ਦੀ ਨਾਮਵਰ ਹਸਤੀ ਹਨ ਦੋਹਾਂ ਨੂੰ ਸਨਮਾਨਿਆ। ਆਸਨ, ਪਉਏ, ਮਾਲਾ, ਗੜਵਾ ਅਤੇ ਗੁਟਕਾ ਬਖਸ਼ਿਸ਼ ਕਰਕੇ ਕਲਾਕਾਰਾਂ ਨੂੰ ਆਸ਼ੀਰਵਾਦ ਦਿਤੀ। ਦੋਹਾਂ ਕਲਾਕਾਰਾਂ ਨੇ ਨਿਮ੍ਰਤਾ ਨਾਲ ਇਹ ਬਖਸ਼ਿਸ਼ ਪਰਵਾਨ ਕਰਦਿਆਂ ਧਨਵਾਦ ਪ੍ਰਗਟ ਕੀਤਾ। ਸ੍ਰੀ ਟੇਂਬੇ ਨਾਮਧਾਰੀ ਹਾਕੀ ਟੀਮ ਦਾ ਪ੍ਰਦਰਸ਼ਨ ਟੀ.ਵੀ. ਤੇ ਦੇਖ ਕੇ ਬਹੁਤ ਪ੍ਰਭਾਵਿਤ ਸਨ। ਜਦੋਂ ਦਸਿਆ ਗਿਆ ਕਿ ਇਹ ਟੀਮ ਸਤਿਗੁਰੂ ਜੀ ਦੀ ਸ੍ਰਪਰਸਤੀ ਵਿਚ ਇਸ ਮਰਤਬੇ ਨੂੰ ਪੁੱਜੀ ਹੈ ਤਾਂ ਉਹਨਾਂ ਨੂੰ ਹੈਰਾਨੀ ਅਤੇ ਖੁਸ਼ੀ ਵੀ ਹੋਈ। ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦਾ ਪਰਬੰਧ, ਬੱਚਿਆਂ ਦੀਆਂ ਪੜ੍ਹਾਈ ਦੀਆਂ ਕਲਾਸਾਂ, ਹੋਸਟਲ ਦਾ ਪਰਬੰਧ, ਖੇਡ ਸਹੂਲਤਾਂ, ਘਾਹ ਦੇ ਲਾਅਨ ਅਤੇ ਸਿਮ੍ਰਤੀ ਮੰਦਰ ਦਾ ਵਿਸ਼ਾਲ ਭਵਨ ਵੇਖ ਕੇ ਉਹ ਬਹੁਤ ਖੁਸ਼ ਹੋਏ। ਸਤਿਗੁਰੂ ਜੀ ਦੇ ਪੁਰਾਣੇ ਇਤਿਹਾਸਕ ਨਿਵਾਸ ਅਸਥਾਨ, ਲੰਗਰ, ਬਿਰਧਸ਼ਾਲਾ, ਗਊਸ਼ਾਲਾ ਸਾਰਾ ਕੁਝ ਉਹਨਾਂ ਬਹੁਤ ਦਿਲਚਸਪੀ ਨਾਲ ਦੇਖਿਆ ਅਤੇ ਨਾਮਧਾਰੀ ਇਤਿਹਾਸ ਨੂੰ ਗਹੁ ਨਾਲ ਸੁਣਿਆ। ਅਪਣੇ ਵਿਚਾਰ ਬਹੁਤ ਸ਼ਰਧਾ ਸੰਯੁਕਤ ਉਹਨਾਂ ਪੁਸਤਕ ਵਿਚ ਦਰਜ ਕੀਤੇ। ਅਗੋਂ ਜਲਦੀ ਸ੍ਰੀ ਭੈਣੀ ਸਾਹਿਬ ਮੁੜ ਕੇ ਆਉਣ ਦਾ ਉਹਨਾਂ ਆਪਣਾ ਇਰਾਦਾ ਦਸਿਆ।

## "ਧਵਨ" ਸਨਮਾਨ ਸਮਾਗਮ

ਪਿਛਲੇ ਦਿਨੀਂ ਜਲੰਧਰ ਪ੍ਰੀਤ ਹੋਟਲ ਵਿਖੇ ਇਕ ਵਿਸ਼ੇਸ਼ ਸਾਹਿਤਕ ਸਮਾਗਮ ਦਾ ਆਯੋਜਨ ਰੋਜ਼ਾਨਾ ਸਿਮਰਨ ਤੇ ਪੰਜਾਬੀ ਵਿਕਾਸ ਸਭਾ ਵਲੋਂ ਕੀਤਾ ਗਿਆ। ਜਿਸ ਵਿਚ ਪੰਜਾਬੀ ਤੇ ਹਿੰਦੀ ਦੇ ਨੌਜਵਾਨ ਸ਼ਾਇਰ ਸ੍ਰੀ ਡੀ. ਆਰ. ਧਵਨ ਨੂੰ ਸਨਮਾਨਤ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਸ੍ਰੀ ਪੀ. ਐਲ. ਤਰਕੜੂ ਪ੍ਰਿੰਸੀਪਲ ਡੀ. ਏ. ਵੀ, ਕਾਲਜ ਜਲੰਧਰ ਨੇ ਕੀਤੀ। ਸ੍ਰੀ ਸੁਰਜੀਤ ਸਿੰਘ ਦੂਹੜੇ ਨੇ "ਧਵਨ ਅੰਕ ਸਿਮਰਨ" ਰਲੀਜ਼ ਕੀਤਾ ਅਤੇ ਸ: ਕੁਲਵੰਤ ਸਿੰਘ ਚੌਹਾਨ ਨੇ ਉਦਘਾਟਨ। ਸਮਾਗਮ 'ਚ ਮੁਖ ਮਹਿਮਾਨ ਸਨ ਸੀਨੀਅਰ ਡਵੀਜ਼ਨਲ ਮੈਨੇਜਰ ਬੀਮਾ ਨਿਗਮ ਸ: ਬ੍ਰਿਜੀਤ ਸਿੰਘ, ਮੰਚ ਸੰਚਾਲਨ ਸ਼: ਬਿਅੰਤ ਸਿੰਘ ਸਰਹੱਦੀ ਨੇ ਕੀਤਾ।

ਸਮਾਗਮ ਦੇ ਆਰੰਭ ਵਿਚ ਪ੍ਰੋ: ਅਵਤਾਰ ਜੌੜਾ ਤੇ ਕੁਲਵਿੰਦਰ ਫੁੱਲ ਨੇ ਧਵਨ ਬਾਰੇ ਪੇਪਰ ਪੜੇ ਅਤੇ ਸ: ਜਗਦੀਸ਼ ਸਿੰਘ (ਸੰਪਾਦਕ ਵਰਿਆਮ) ਉਲਫ਼ਤ ਬਾਜਵਾ,


Sri Satguru Jagjit Singh Ji eLibrary NamdhariElibrary@gmail.com

ਦਵਿੰਦਰ ਜੋਸ਼ ਤੇ ਹੋਰ ਵਿਦਵਾਨਾਂ ਨੇ ਧਵਨ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਉਪਰੰਤ ਸ: ਬ੍ਰਿਜਜੀਤ ਸਿੰਘ ਨੇ ਸ੍ਰੀ ਧਵਨ ਨੂੰ ਸ਼ਾਲ ਤੇ ਮੋਮੈਂਟ ਭੇਂਟ ਕੀਤੇ। ਬਾਲੀ ਪ੍ਰਭਜੋਤ (ਚੰਡੀਗੜ੍ਹ) ਮਾਸਟਰ ਫਕੀਰ ਚੰਦ ਜੀ, ਬੱਬੂ ਤੇ ਹਰਬੰਸ ਅਰੋੜਾ ਨੇ ਧਵਨ ਦੇ ਗੀਤਾਂ ਤੇ ਗ਼ਜ਼ਲਾਂ ਦਾ ਗਾਇਨ ਪੇਸ਼ ਕੀਤਾ।

ਸਮਾਗਮ ਦੇ ਅੰਤਲੇ ਭਾਗ ਵਿਚ ਕਵੀ ਦਰਬਾਰ ਸ਼ੁਰੂ ਹੋਇਆ, ਜਿਸ ਵਿਚ ਸਰਵਸ੍ਰੀ ਆਰ.ਡੀ. ਤਾਸੀਰ, ਚਾਨਣ ਲਾਲ ਮਾਣਕ, ਮੋਹਣ ਸਿੰਘ ਵਫਾ, ਉਲਫਤ ਬਾਜਵਾ, ਦਵਿੰਦਰ ਜੋਸ਼, ਜਗਜੀਤ ਚਮਨ, ਚਮਨ ਸੁਲਤਾਨਪੁਰੀ, ਮਹਿੰਦਰ ਦੀਪ ਗਰੇਵਾਲ, ਰਾਜਿੰਦਰ ਪ੍ਰਦੇਸੀ, ਮੋਹਣ ਸਪਰਾ, ਕੁਲਵਿੰਦਰ ਫੁੱਲ, ਜਗਤਾਰ ਦੁਖੀ, ਖੁਸ਼ੀ ਰਾਮ ਰਿਸ਼ੀ ਅਤੇ ਆਦਿਲ ਦਿਆਲਪੁਰੀ, ਨਾਜ ਜੀ ਆਦਿ ਕਵੀਆਂ ਨੇ ਆਪਣੀਆਂ ਰਚਨਾਵਾਂ ਸੁਣਾਈਆਂ। ਆਏ ਹੋਏ ਸਾਹਿਤਕਾਰਾਂ, ਵਿਦਵਾਨਾਂ ਤੇ ਸਰੋਤਿਆਂ ਦੀ ਚਾਹ ਪਾਣੀ ਨਾਲ ਸੇਵਾ ਕੀਤੀ ਗਈ।

## ਲੇਖਕਾਂ ਅਤੇ ਪੱਤਰਕਾਰਾਂ ਦਾ ਸਨਮਾਨ

ਨਵੀਂ ਦਿਲੀ—ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਕਿਹਾ ਕਿ ਕਿਸੇ ਸਮਾਜ ਦੀ ਰਚਨਾ/ਸਥਾਪਨਾ ਵਿਚ ਲੇਖਕਾਂ ਸਾਹਿਤਕਾਰਾਂ ਤੇ ਪੱਤਰਕਾਰਾਂ ਦੀ ਮੁੱਖ-ਭੂਮਿਕਾ ਹੁੰਦੀ ਹੈ। ਇਸ ਲਈ ਇਹਨਾਂ ਨੂੰ ਕਿਸੇ ਰਾਜਨੀਤਕ ਵਿਚਾਰ ਧਾਰਾ ਨਾਲ ਨਹੀਂ ਜੁੜਨਾ ਚਾਹੀਦਾ। ਅਤੇ ਸਮਾਜਕ ਵਿਵਸਥਾ ਨੂੰ ਬਦਲਣ ਲਈ ਕਾਰਜਸ਼ੀਲ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅੱਜ ਭਾਰਤੀ ਸਮਾਜ ਵਿਚ ਜੋ ਤਰੁੱਟੀਆਂ ਹਨ। ਉਨ੍ਹਾਂ ਪ੍ਰਤੀ ਨੇਤਾ ਅਤੇ ਕੁੱਝ ਹੱਦ ਤੱਕ ਮੈਂ ਵੀ ਜ਼ੁੰਮੇਵਾਰ ਹਾਂ ਕਿਉਂ ਕਿ ਮੈਂ ਵੀ ਹਕੂਮਤ ਵਿਚ ਰਿਹਾ ਹਾਂ। ਅੱਜ ਮੈਂ ਰਾਜਨੀਤੀ ਵਿਚ ਨਹੀਂ ਹਾਂ ਇਸ ਕਰਕੇ ਚੁੱਪ ਰਹਿਣਾ ਹੈ, ਕੇਵਲ ਸੁਣਨਾ ਤੇ ਵੇਖਣਾ ਹੀ ਚਾਹੁੰਦਾ ਹਾਂ।

ਇਹ ਵਿਚਾਰ ਗਿਆਨੀ ਜ਼ੈਲ ਸਿੰਘ ਨੇ ਕਲਾ ਪ੍ਰੇਮੀਆਂ ਦੀ ਸਸੰਥਾਂ ਅੰਕਨ ਵਲੋਂ ਹਿਮਾਚਲ ਵਿਖੇ ਸੁਤੰਤਰਤਾ ਸੈਨਾਨੀ ਤੇ ਪੰਜਾਬੀ ਕਵੀ ਸ: ਅਮਰ ਸਿੰਘ ਜੋਬਨ ਦੀ ਯਾਦ ਵਿਚ ਆਯੋਜਿਤ ਇਕ ਸਮਾਰੋਹ ਸਮੇਂ ਰੱਖੇ। ਇਸ ਸਮਾਰੋਹ ਵਿਚ ਲੇਖਕਾਂ ਕਵੀਆਂ ਤੇ ਪੱਤਰਕਾਰਾਂ ਨੂੰ ਪਦਕ ਤੇ ਸਨਮਾਨ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ ਜਿਨ੍ਹਾਂ ਵਿਹ ਪੰਜਾਬੀ ਦੇ ਉਘੇ ਲੇਖਕ ਕਵੀ ਦੇ ਮੁਦਈ ਸ: ਮੋਹਨ ਸਿੰਘ ਬੌਰੀ, ਜਨਰਲ ਸਕਤਰ, ਕੇਂਦਰੀ ਪੰਜਾਬੀ ਸਾਹਿਤ ਸੰਮੇਲਨ (ਰਜਿ:) ਨਵੀਂ ਦਿੱਲੀ ਵੀ ਸਨਮਾਨਤ ਕੀਤੇ ਗਏ। ਅਤੇ ਉਹਨਾਂ ਦੀਆਂ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦੀ ਉਨਤੀ ਤੇ ਪ੍ਰਫੁੱਲਤਾ ਲਈ ਪਿਛਲੇ ੨੫ ਵਰ੍ਹਿਆਂ ਤੋਂ ਨਿਰੰਤਰ ਜਤਨਸ਼ੀਲ ਰਹਿਣ ਲਈ ਵਿਸ਼ੇਸ਼-ਸ਼ਲਾਘਾ ਕੀਤੀ ਗਈ। ਪੱਤਰਕਾਰਾਂ ਵਿਚ ਵਿਸ਼ੇਸ਼ ਨਾਂ ਇਹ ਹਨ—ਰਾਮਾਂਕਾਂਤ (ਦੈਨਿਕ ਹਿੰਦੋਸਤਾਨ), ਸਰਬ ਸ਼ਕਤੀਮਾਨ ਸਿੰਘ (ਵਰਤਮਾਨ ਹਿੰਦੋਸਤਾਨ), ਰਾਜ ਕਿਸ਼ਨ ਨਿਪਾਲੀ (ਸਾਂਧਿਆ ਟਾਈਮਜ਼) ਆਦਿ।

ਇਸ ਸਮਾਰੋਹ ਦੀ ਪ੍ਰਧਾਨਗੀ ਪੰਜਾਬੀ ਤੇ ਉਰਦੂ ਦੇ ਉਘੇ ਸ਼ਾਇਰ ਸ੍ਰੀ ਨਿਰਮਲ ਰਾਏਪੁਰੀ ਨੇ ਕੀਤੀ। ਅਰੰਭ ਵਿਚ ਗਿਆਨੀ ਜੀ ਦਾ ਸੰਸਥਾ ਵਲੋਂ ਅਤੇ ਡਾ: ਧਿਆਨ ਸਿੰਘ ਕਨਵੀਨਰ, ਫਰੀਡਮ ਫਾਈਟਰ ਸੈਲ, ਦਿੱਲੀ ਪ੍ਰਦੇਸ਼ ਕਾਂਗਰਸ ਕਮੇਟੀ ਨੇ ਫੁੱਲਾਂ ਦੇ ਹਾਰ ਪਾ ਕੇ ਨਿਘਾ ਸਵਾਗਤ ਕੀਤਾ। ਸ: ਅਮਰ ਸਿੰਘ ਜੋਬਨ ਦੀ ਪ੍ਰਤਿਮਾ ਨੂੰ ਹਾਰ ਪਾ ਕੇ ਗਿਆਨੀ ਜੀ ਨੇ ਸ਼ਰਧਾਂਜਲੀ ਭੇਂਟ ਕੀਤੀ ਅਤੇ ਜੋਤੀ ਪ੍ਰਜ਼ਵਲਤ ਕੀਤੀ ਤੇ ਕਿਹਾ ਕਿ ਅਜਿਹੇ ਸਵਤੰਤਰਤਾ ਸੈਨਾਨੀ ਸਾਨੂੰ ਇਸ ਸਮਾਜ ਵਿਚ ਆਉਂਦੇ ਦਸ ਸਾਲਾਂ ਤਕ ਹੀ ਵਿਖਾਈ ਦੇਣਗੇ। ਇਸ ਲਈ ਸਾਨੂੰ ਇਹਨਾਂ ਦੇਸ਼ ਭਗਤਾਂ ਦੀ ਯਾਦ ਵਧ ਚੜ੍ਹ ਕੇ ਮਨਾਉਣੀ ਚਾਹੀਦੀ ਹੈ ਤਾਂ ਜੋ ਨਵੀਂ ਪੀੜ੍ਹੀ ਨੂੰ ਉਹਨਾਂ ਦੀਆਂ ਕੁਰਬਾਨੀਆਂ ਦਾ ਮਾਰਗ-ਦਰਸ਼ਨ ਹੋ ਸਕੇ। ਸਮਾਰੋਹ ਦਾ ਸੰਚਾਲਨ ਸੰਸਥਾ ਦੇ ਜਨਰਲ ਸਕੱਤਰ ਸ: ਸੁਰਜੀਤ ਸਿੰਘ ਜੋਬਨ ਨੇ ਕੀਤਾ। ਆਪਣੇ ਪਿਤਾ ਦੀ ਕਵਿਤਾ ਦੀਆਂ ਇਹਨਾਂ ਪੰਕਤੀਆਂ ਨੂੰ ਸੁਣਾ ਕੇ ਸਮਾਰੋਹ ਖਤਮ ਕੀਤਾ—

"ਮੈਂ ਹਾਂ ਸ਼ਾਇਰ ਦੇਸ਼ ਦਾ ਜੋਬਨ ਮੇਰਾ ਨਾਂ,
ਮੈਂ ਵਲਗਨਾਂ ਵਿਚ ਨਹੀਂ ਫਸਦਾ,
ਟੇਢੇ ਰਾਹ ਨਾ ਜਾਂ।
ਮੈਂ ਟੋਏ ਟਿੱਬੇ ਢਾਹ ਦਿਆਂ,
ਪੱਧਰੀ ਕਰਾਂ ਸਭ ਥਾਂ।"

## ਏਕ ਸ਼ਾਮ ਸਹਿਗਲ ਕੇ ਨਾਮ

ਜਲੰਧਰ, ਸੰਗੀਤ ਕਲਾ ਮੰਚ ਜਲੰਧਰ ਦਾ ੧੩ਵਾਂ ਵਾਰਸ਼ਿਕ ਸੰਗੀਤ ਸਮਾਰੋਹ ਸਵਰਗੀਆ ਕੁੰਦਨ ਲਾਲ ਸਹਿਗਲ ਦੀ ਯਾਦ ਵਿਚ ੨੨ ਜਨਵਰੀ ੧੯੯੯ ਨੂੰ ਡੇਢ ਵਜੇ ਤੋਂ ਸ਼ਾਮ ਪੰਜ ਵਜੇ ਤਕ ਲਾਇਨ ਭਵਨ ਲਾਜਪਤ ਨਗਰ ਜਲੰਧਰ ਦੇ ਹਾਲ ਵਿਖੇ ਹੋਣਾ ਨਿਸ਼ਚਿਤ ਹੋਇਆ ਹੈ। ਇਸ ਵਿਚ ਕਈ ਉਘੇ ਕਲਾਕਾਰ ਗੀਤ, ਗ਼ਜ਼ਲ ਪੇਸ਼ ਕਰਕੇ ਉਸ ਮਹਾਨ ਸੁਰੀਲੇ ਗਾਇਕ ਨੂੰ ਸ਼ਰਧਾਂਜਲੀ ਅਰਪਨ ਕਰਨਗੇ। ਇਸ ਅਵਸਰ ਉਤੇ ਯਾਦੇ-ਸਹਿਗਲ ਸਮਾਰਕਾ (ਸਮ੍ਰਿਤੀ ਗ੍ਰੰਥ) ਦਾ ਵਿਮੋਚਨ ਵੀ ਕੀਤਾ ਜਾਵੇਗਾ। ਇਹ ਸੂਚਨਾ ਡਾ: ਜੋਗਿੰਦਰ ਬਾਵਰਾ ਸਕਤਰ ਸੰਗੀਤ ਕਲਾ ਮੰਚ ਨੇ ਦਿਤੀ ਹੈ।


Sri Satguru Jagjit Singh Ji eLibrary NamdhariElibrary@gmail.com

https://archive.org/details/namdhari

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# RAJPAL

## The Leading Name in Construction Machiner



CONCRETE MIXER 10/7 CFT

Manufacturers of

- Concrete Mixers of all Sizes
- Pan Mixers
- Vibrators of all Types
- Tower Hoists
- Hydraulic Press
- Spare Parts of all Makes Concrete Mixers



CONCETE MIXER 7/5

Phones : Office : 5290
Factory : 5019
Resi. : 5360

# BALWANT SINGH & SONS

Offce : 4E/11 JHANDEWALA EXTN.
NEW DELHI-110055

Factory : A 2/3, MAYA PURI, PHASE I
Opp, C-70 NEW DELHI-110064

Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ



# ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ ਫਰਨੀਚਰ ਲਈ ਪਧਾਰੋ ਜਾਂ ਲਿਖੋ।

## ਨਾਮਧਾਰੀ ਏਜੰਸੀਜ਼

੨/੨੦੬੯, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

**Phones :** Office : 2528411
,, : 2510345
Resi. : 213054

**PLEASE CONTACT**

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.



Sri Satguru Jagjit Singh Ji eLibrary NamdhariElibrary@gmail.com

Registered No PB/JL ~~235~~ 253 MONTHLY WARIAM December 1988

Registered with the Registrar of News Papers for India No. 26453/75


# 'POONAM'

**PROUDLY PRODUCES**

**LIP-SMACKING**
**EPOCH-MAKING**
**MOUTH-WATERING**

**Delightful Delectable Delicious**

# BISCUITS

*ALREADY INTRODUCED :*

**Glucose, Roshni, Twinke, Orange**
**Pineapple, Elaichi Cream Biscuits**
**Fully geared to release Shortly Salty Quality Biscuits**

## POONAM BISCUITS PVT. LTD.

**E-23 M.I. D. C. Ind. Area**
**Chikalthana, Aurangabad-431210**

Telephone : 8707
Telegrams : POONAM


ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼; ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ
ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ

Monthly WARIAM, Ladowali Road, Jalandhar-144001.

Sri Satguru Jagjit Singh Ji eLibrary NamdhariElibrary@gmail.com